# ਵਰਿਆਮ

ਮਈ ੧੯੯੫

੨/੫੦



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

ਅਸ਼ੋਕਾ ਬਿਸਕੁਟ




ਵਪਾਰਕ ਜਾਣਕਾਰੀ ਲਈ ਸੰਪਰਕ:

PHONES 565693
212661

**THE ASOKA BISCUIT WORKS**
**HYDERABAD (A.P.)**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.)



Sri Satguru Jagjit Singh Ji eLibrary NamdhariElibrary@gmail.com

**THE TRADERS' BANK LTD.**
**COMPLETES**

# 50

**(1933–1983)**

**YEARS OF DEDICATED SERVICE TO THE NATION**

WE PAY 0.25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes and grow with the growing Bank*

**Branches in : PUNJAB, HARYANA, U. P. & DELHI**

## THE TRADERS' BANK LTD.

(Regd. & H. O. H-72, Connought Circus, New Delhi)

(Scheduled Bank)

S. PARKASH SINGH
General Manager

S. SHER SINGH SINDHU
Chairman



Sri Satguru Jagjit Singh Ji eLibrary NamdhariElibrary@gmail.com

https://archive.org/details/namdhari

**ਵਰਿਆਮ** ਮਈ ੧੯੯੫

ਜਿਲਦ ੧੦ ਅੰਕ ੭

ਸੰਪਾਦਕ : ਜਗਦੀਸ਼ ਸਿੰਘ

ਤਤਕਰਾ

| | |
|---|---|
| ਸੰਪਾਦਕੀ/ਜਗਦੀਸ਼ ਸਿੰਘ | ੩ |
| ਗੁਰੂ ਤੇਗ ਬਹਾਦਰ ਦੀ ਸ਼ਹੀਦੀ ਅਤੇ ਹਿੰਦੂ/ ਗੁਰਬਖ਼ਸ਼ ਸਿੰਘ | ੫ |
| ਦੋ ਗ਼ਜ਼ਲਾਂ/ਕਰਤਾਰ ਸਿੰਘ ਪੰਛੀ | ੮ |
| ਦੋ ਗ਼ਜ਼ਲਾਂ/ਡੀ. ਆਰ. ਗਵਨ | ੯ |
| ਗ਼ਜ਼ਲ/ਮਹਿੰਦਰ ਛੱਟੀ | ੯ |
| ਅਸ਼ਟਾਵਕ੍ਰ | ੧੧ |
| ਦਿਲੀ ਦਾ ਹੱਲਾ/ਜਗਦੀਸ਼ ਸਿੰਘ | ੧੩ |
| ਘੋੜੇ ਦੀਆਂ ਪੈੜਾਂ/ਪ੍ਰੀਤਮ ਸਿੰਘ ਕਵੀ | ੧੭ |
| ਸਨਮਾਨ ਮਾਸਟਰ ਨਿਹਾਲ ਸਿੰਘ | ੩੦ |
| ,, ਸੰਤ ਅਨੰਤਾ ਸਿੰਘ | ੩੨ |
| ਚੌਗਿਰਦਾ | ੩੪ |
| ਸਰਗਰਮੀਆਂ | ੩੯ |

ਮੁਖ ਪੰਨੇ ਦਾ ਚਿੱਤਰ : ਦਿਲੀ ਹੱਲੇ ਸਮੇਂ ਅਨੰਦ ਕਾਰਜ

## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੨-੫੦ ਰੁਪਏ |
| ਸਾਲਾਨਾ ਚੰਦਾ | | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | | ੬੫-੦੦ ,, |
| ਪੰਜ ਸਾਲ ਵਾਸਤੇ | | ੧੦੦-੦੦ ,, |
| ਲਾਈਫ ਮੈਂਬਰ | | ੩੦੦-੦੦ ,, |
| ਬਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |

ਦਫ਼ਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੌਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.

Office Address
Monthly WARIAM
(Punjabi)
Ladowali Road
(Near Madan Flour Mill)
Jalandhar-144001
Phone : 71204 PP

## ਵਰਿਆਮ ਨੂੰ ਸਹਿਯੋਗ

—ਸ: ਦਲਜੀਤ ਸਿੰਘ ਤਲਜਾਨੀਆ ਦੇ ਸ਼ਹਿਰ ਮੌਸ਼ੀ ਵਿਚ ਰਹਿੰਦੇ ਹਨ। ਅਜ ਕੱਲ ਉਹ ਭਾਰਤ ਆਏ ਹੋਏ ਹਨ। ਵਰਿਆਮ ਦੇ ਪੁਰਾਣੇ ਮੈਂਬਰ ਹਨ। ਪਰਚੇ ਦੀ ਕਾਮਯਾਬੀ ਦੀ ਅਰਦਾਸ ਦੇ ਨਾਲ ਉਹਨਾਂ ਇਕ ਸੌ ਰੁਪਏ ਦਾ ਸਹਿਯੋਗ ਅਰਪਨ ਕੀਤਾ ਹੈ।

—ਸ: ਕਰਤਾਰ ਸਿੰਘ ਪੰਛੀ ਪਰਧਾਨ ਪੰਜਾਬੀ ਸਾਹਿਤ ਸਭਾ ਮਲੌਦਕੋਟਲਾ ਵਰਿਆਮ ਵਾਸਤੇ ਇੱਕੀ ਰੁਪਏ ਭੇਜ ਕੇ ਪ੍ਰੇਮ ਦਰਸਾਇਆ ਹੈ।

—ਸ: ਜੰਗ ਸਿੰਘ ਗੰਭੀਰ, ਚੰਦਰ ਨਗਰ ਆਲਮ ਬਾਗ ਲਖਨਊ ਵਾਲਿਆਂ ਆਪਣੇ ਮਾਤਾ-ਪਿਤਾ ਜੀ ਦੀ ਮਿੱਠੀ ਯਾਦ ਵਿਚ ਸਾਧਾਰਨ ਪਾਠ ਦਾ ਭੋਗ ਪੁਆਇਆ ਇਸ ਸਬੰਧ ਵਿਚ ਵਰਿਆਮ ਵਾਸਤੇ ੫੧/- ਰੁਪਏ ਸਹਿਯੋਗ ਭੇਜਿਆ ਹੈ।

ਧੰਨਵਾਦ
ਮੈਨੇਜਰ

## ਵਰਿਆਮ ਦੇ ਨਵੇਂ ਜੀਵਨ ਮੈਂਬਰ

—ਵਰਿਆਮ ਦੇ ਪਰਮ ਸਨੇਹੀ ਸ: ਬਚਨ ਸਿੰਘ ਹਜ਼ੂਰ ਸਿੰਘ ਨਵੀਂ ਰਕਤ ਮੰਡੀ ਅਰਹਿਰੀ ਪੁਲੀ ਜਲੰਧਰ ਵਰਿਆਮ ਦੇ ਨਵੇਂ ਜੀਵਨ ਮੈਂਬਰ ਬਣੇ ਹਨ। ਜੋੜੀਆਂ, ਪਲੰਘ, ਚੁਗਾਠਾਂ ਅਤੇ ਹਰ ਲਕੜੀ ਦੇ ਇਮਾਰਤੀ ਕੰਮ ਦੀ ਆਪ ਦੀ ਸਫਲ ਵਰਕਸ਼ਾਪ ਹੈ।

—ਸ: ਜਸਬੀਰ ਸਿੰਘ ਮਕਾਨ ਨੰਬਰ ੨/੨੨੭ ਗਲੀ ਹਰਨਾਮ ਸਿੰਘ ਵਾਲੀ, ਮਹੱਲਾ ਪਾਲਾਸਾਪੁਰ ਤਰਨਤਾਰਨ ਜਿਲਾ ਅੰਮ੍ਰਿਤਸਰ : ਵਰਿਆਮ ਦੇ ਨਵੇਂ ਜੀਵਨ ਮੈਂਬਰ ਬਣੇ ਹਨ।

—ਸ: ਮਹਿੰਦਰ ਸਿੰਘ ਭਾਰਾ ਮੰਡੀ ਜਿਲਾ ਜਲੰਧਰ ਵਰਿਆਮ ਦੇ ਜੀਵਨ ਮੈਂਬਰ ਹੀ ਬਣ ਗਏ ਹਨ। ਆਪ ਦੁਬਈ ਵਿਚ ਕਾਰੋਬਾਰ ਕਰਦੇ ਹਨ।

—ਠੇਕੇਦਾਰ ਗੁਰਬਚਨ ਸਿੰਘ ਈ. ੨੯ ਬੀ ਰਾਜੌਰੀ ਗਾਰਡਨ ਨਵੀਂ ਦਿੱਲੀ ੧੧੦੦੨੭ ਵਰਿਆਮ ਦੇ ਜੀਵਨ ਮੈਂਬਰ ਬਣ ਗਏ ਹਨ।



Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਪੰਜਾਬ ਵਿਚ ਅਮਨ ਹਰ ਦਿਲ ਦੀ ਆਵਾਜ਼

ਪੰਜਾਬ ਸਿਆਸਤ ਦੀ ਸ਼ਤਰੰਜ ਖੇਡਣ ਵਾਲੀਆਂ ਮੁਖ ਧਿਰਾਂ, ਕੇਂਦਰੀ ਸਰਕਾਰ ਅਤੇ ਅਕਾਲੀ ਦਲ, ਖੇਡ ਦੇ ਨਿਯਮਾਂ ਅਨੁਸਾਰ ਤਾਂ ਮੋਹਰਿਆਂ ਦੇ ਹੁੰਦਿਆਂ ਹੀ ਇਕ ਦੂਜੇ ਨੂੰ 'ਸ਼ਹਿ' ਦੇਣ ਵਿਚ ਨਾਕਾਮਯਾਬ ਰਹੀਆਂ। ਫੇਰ ਮੋਹਰਿਆਂ ਨੂੰ ਮਾਰ ਮਰਵਾ ਕੇ ਵੀ ਅਜੇ ਬਾਜ਼ੀ ਅਨਿਸ਼ਚਿਤ ਹੈ। ਪਿਛਲੇ ਚਾਰ ਪੰਜ ਸਾਲਾਂ ਵਿਚ ਏਨਾ ਕੁਝ ਵਾਪਰ ਚੁਕਾ ਹੈ ਕਿ ਇਹ ਸੁਲਝਾਉਣਾ ਦਲੀਲਾਂ ਅਤੇ ਵਕੀਲਾਂ ਦੀ ਸਮਰਥਾ ਤੋਂ ਬਾਹਰ ਹੋ ਗਿਆ ਹੈ। ਪੰਜਾਬ ਦੇ ਆਮ ਆਦਮੀ ਦੀ ਰਾਏ ਵਿਚ ਪੰਜਾਬ ਦੀ ਤ੍ਰਾਸਦੀ ਵਾਸਤੇ ਅਕਾਲੀ ਦਲ ਅਤੇ ਸਰਕਾਰ ਦੋਵੇਂ ਹੀ ਜ਼ਿੰਮੇਵਾਰ ਹਨ ਭਾਵੇਂ ਉਹ ਆਪੋ ਆਪਣੀ ਥਾਂ ਕਿੰਨੇ ਵੀ 'ਠੀਕ' ਹੋਣ। ਪੰਜਾਬ ਵਿਚ ੧੯੮੦ ਵਿਚ ਇਕ ਮਜ਼ਬੂਤ ਤੇ ਹਰਮਨ ਪਿਆਰੀ ਅਕਾਲੀ ਸਰਕਾਰ ਹੋਣ ਦੇ ਬਾਵਜੂਦ ਅਜ ਇਹ ਹਾਲਤ ਹੈ ਕਿ ਅਕਾਲੀ ਪਾਰਟੀ ਭਾਰੀ ਫੁਟ ਦਾ ਸ਼ਿਕਾਰ ਹੈ ਅਤੇ ਸੋਚ ਵਲੋਂ ਜ਼ਬਰਦਸਤ ਉਲਝਣ ਵਿਚ ਹੈ। ਇਥੋਂ ਤਕ ਕਿ ਕੋਈ ਜ਼ਾਬਤਾ ਨਹੀਂ ਕੋਈ ਰਣ-ਨੀਤੀ ਨਹੀਂ ਅਤੇ ਅਗਲੇ ਪ੍ਰੋਗਰਾਮ ਲਈ ਕੋਈ ਨਿਸ਼ਾਨਾ ਨਹੀਂ। ਪਿਛਲੀਆਂ ਮੰਗਾਂ ਹੁਣ ਕਿੰਨੀਆਂ ਕੁ ਸਾਰਥਕ ਹਨ ਕੁਝ ਪਤਾ ਨਹੀਂ। ਅਕਾਲੀ ਦਲ ਹਿੰਸਾ ਦਾ ਵਿਰੋਧ ਵੀ ਕਰਦਾ ਹੈ ਅਤਿਵਾਦ ਦੇ ਖਿਲਾਫ਼ ਵੀ ਹੈ ਅਤੇ ਦੇਸ਼ ਦੀ ਅਖੰਡਤਾ ਦਾ ਹਾਮੀ ਵੀ ਹੈ ਪਰ ਨਾਲ ਦੀ ਨਾਲ ਉਹ ਹਿੰਸਾਕਾਰੀਆਂ ਦਾ ਵਕੀਲ ਅਤੇ ਪ੍ਰਸ਼ੰਸਕ ਵੀ ਹੈ। ਪਿਛਲੇ ਤਿੰਨ ਕੁ ਸਾਲਾਂ ਤੋਂ ਲੋਕ ਹਮਦਰਦੀ ਦਾ ਪੈਂਡੂਲਮ ਸਰਕਾਰ ਅਤੇ ਅਕਾਲੀਆਂ ਵਲ ਵਾਰੋ ਵਾਰ ਹੁੰਦਾ ਰਿਹਾ ਹੈ। ਕਦੀ ਸਰਕਾਰ ਦੀ ਬਦਨਾਮੀ ਕਦੇ ਅਕਾਲੀਆਂ ਦੀ ਨੁਕਤਾਚੀਨੀ। ਪਹਿਲਾਂ ਅਤਿਵਾਦੀਆਂ ਦੀਆਂ ਕਾਰਵਾਈਆਂ ਕਾਰਨ ਲੋਕ ਅਕਾਲੀਆਂ ਦੇ ਵਿਰੁਧ ਸਨ ਫੇਰ ਅੰਮ੍ਰਿਤਸਰ ਵਿਚ ਬਲਿਊ ਸਟਾਰ ਉਪਰੇਸ਼ਨ ਬਾਅਦ ਅਕਾਲ ਤਖਤ ਨੂੰ ਪੁਜੇ ਨੁਕਸਾਨ ਕਾਰਨ ਸਰਕਾਰ ਦੋਸ਼ੀਆਂ ਦੇ ਕਟਹਿਰੇ ਵਿਚ ਖੜੀ ਸੀ। ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਨਾਲ ਜਿਥੇ ਇਕ ਵਾਰ ਸਿਖਾਂ ਦੀ ਮੁੜ ਬਦਨਾਮੀ ਹੋਈ ਉਥੇ ਬਾਅਦ ਵਿਚ ਸਿਖ ਵਿਰੁਧ ਹਿੰਸਾ ਦੀਆਂ ਜਿਉਂ ਜਿਉਂ ਖਬਰਾਂ ਬਾਹਰ ਨਿਕਲੀਆਂ ਤਾਂ ਸਿਖਾਂ ਤੋਂ ਇਲਾਵਾ ਵਡੀ ਗਿਣਤੀ ਵਿਚ ਹਿੰਦੂ ਵੀ ਭੈ-ਭੀਤ ਹੋ ਗਏ ਅਤੇ ਸਰਕਾਰ ਦੀ ਪੂਰੀ ਤਰ੍ਹਾਂ ਬਦਨਾਮੀ ਹੋਈ। ਦਿਲੀ ਤੋਂ ਪਰੇਰੇ ਦੇ ਸਿਖ ਆਮ ਤੌਰ ਤੇ ਅਕਾਲੀ ਦਲ ਦੇ ਉਲਟ ਕਾਂਗਰਸ ਦੇ ਸਮਰਥਕ ਰਹੇ ਹਨ। ਕਾਂਗਰਸ ਸਰਕਾਰ ਤਾਂ ਉਨ੍ਹਾਂ ਦੀ ਰਾਖੀ ਵੀ ਨਾ ਕਰ ਸਕੀ। ਸਿਖਾਂ ਦਾ ਭਾਰੀ ਵਰਗ ਪਹਿਲੀ ਵਾਰ ਜ਼ਬਰਦਸਤ ਕਾਂਗਰਸ ਵਿਰੋਧੀ ਕੈਂਪ ਵਿਚ ਖੜਾ ਹੋ ਗਿਆ।

ਇਸ ਸਮੇਂ ਗੈਰ-ਅਕਾਲੀ ਅਤੇ ਗੈਰ-ਸਿੱਖ ਹਲਕਿਆਂ ਚੋਂ ਜ਼ਬਰਦਸਤ ਆਵਾਜ਼ ਉੱਠੀ। ਜਃ ਖੁਸ਼ਵੰਤ ਸਿੰਘ, ਜਨਰਲ ਅਰੋੜਾ, ਇੰਦਰ ਕੁਮਾਰ ਗੁਜਰਾਲ ਅਤੇ ਕੁਲਦੀਪ ਨਈਅਰ ਤੋਂ ਲੈ ਕੇ ਹੇਠਾਂ ਤਕ ਸਭ ਲਿਖਣ ਬੋਲਣ ਵਾਲਿਆਂ ਨੇ ਕਿਹਾ ਕਿ ਦੋ ਸਿੱਖਾਂ ਵਲੋਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕਰਨ ਦੇ ਇਨਫਰਾਦੀ ਕੰਮ ਦੀ ਸਜ਼ਾ ਸਾਰੀ ਕੌਮ ਨੂੰ ਕਿਉਂ ਦਿਤੀ ਜਾ ਰਹੀ ਹੈ। ਇਹਨਾਂ ਯਤਨਾਂ ਦਾ ਸਿੱਟਾ ਵੀ ਨਿਕਲਿਆ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਅਕਾਲੀਆਂ ਦੀਆਂ ਵਰਤਮਾਨ ਮੰਗਾਂ 'ਚੋਂ ਕੁਝ ਮੰਨਣ ਦਾ ਐਲਾਨ ਵੀ ਕਰ ਦਿਤਾ। ਪਰ ਸ੍ਰੀਮਤੀ ਇੰਦਰਾ ਦੇ ਜਿਹੜੇ ਕਾਤਲਾਂ ਨੂੰ ਸਿੱਖ ਸ਼ਹੀਦਾਂ ਦੇ ਨਾਲੋਂ ਵਡਿਆਇਆ ਕੇ ਪੇਸ਼ ਕੀਤਾ ਜਾਂਦਾ ਰਿਹਾ ਉਹਨਾਂ ਦੇ ਹੀ ਰਿਸ਼ਤੇਦਾਰਾਂ ਨੂੰ ਸਟੇਜਾਂ ਉਤੇ ਸਨਮਾਨਤ ਕਰਕੇ ਜ਼ਾਹਰ ਕੀਤਾ ਜਾਣ ਲਗਾ ਕਿ ਸ੍ਰੀਮਾਨ ਜੀ ਤੁਹਾਡੀ ਇਹ ਦਲੀਲ ਗ਼ਲਤ ਹੈ ਕਿ ਉਹ ਦੋ ਕਾਤਲ ਕੋਈ ਵਖਰੇ ਸਨ ਜਾਂ ਉਹਨਾਂ ਦਾ ਅਮਲ ਇਕਲੋਤਰਾ ਸੀ। ਇਹ ਉਸ ਵੇਲੇ ਹੋ ਰਿਹਾ ਹੈ ਜਦੋਂ ਕਿ ਦੰਗਿਆਂ ਦੀ ਅਦਾਲਤੀ ਜਾਂਚ ਵੀ ਹੋਣ ਵਾਲੀ ਹੈ। ਇਸਤਰ੍ਹਾਂ ਅਕਾਲੀ ਦਲ ਪੱਖੀ ਭਾਵਨਾਵਾਂ ਨੂੰ ਕੋਈ ਸਾਕਾਰ ਰੂਪ ਦੇਣ ਦੀ ਬਜਾਏ ਅਕਾਲ ਤਖਤ ਨੂੰ ਮੁੜ ਢਾਹੁਣ ਵਰਗੀਆਂ ਗੱਲਾਂ ਵਿਚ ਉਲਝ ਗਿਆ ਹੈ। ਇਸ ਦੇ ਨਾਲ ਹੀ ਲੀਡਰੀ ਦੀ ਲੜਾਈ ਅਤੇ ਪ੍ਰਾਪਰ ਸਜ਼ਾਵਾਂ ਜ਼ੋਰਾਂ ਤੇ ਹਨ।

ਅੱਜ ਅਕਾਲੀਆਂ ਦੀ ਲੜਾਈ ਓਨੀ ਸਰਕਾਰ ਨਾਲ ਨਹੀਂ ਦਿਸਦੀ ਜਿੰਨੀ ਆਪਸ ਵਿਚ ਹੈ। ਇਹੋ ਹੀ ਕਾਰਨ ਹੈ ਕਿ ਜ਼ਿੰਮੇਵਾਰੀ ਨਾਲ ਕੋਈ ਵੀ ਲੀਡਰ ਕੋਈ ਗੱਲ ਨਹੀਂ ਕਰ ਸਕਦਾ। ਕਲ੍ਹ ਸਾਰੇ ਅਕਾਲੀ ਦਲਾਂ ਨੂੰ ਬਾਬਾ ਜੁਗਿੰਦਰ ਸਿੰਘ ਨੇ 'ਭੰਗ' ਕਰ ਦਿਤਾ ਸੀ ਅੱਜ ਲੌਂਗੋਵਾਲ ਨੇ ਮੁੜ 'ਬਹਾਲ' ਕਰ ਲਿਆ ਹੈ। ਅਗੋਂ ਵੀ ਬਗੈਰ ਕਿਸੇ ਜ਼ਾਬਤੇ ਦੇ ਜਦੋਂ ਜੀਅ ਕੀਤਾ ਅਕਾਲੀ ਦਲਾਂ ਦੇ ਅਧਿਕਾਰ ਵੱਖ ਵੱਖ ਹਸਤੀਆਂ ਪ੍ਰਾਪਤ ਕਰਦੀਆਂ ਰਹੀਆਂ ਹਨ।



Sri Satguru Jagjit Singh Ji eLibrary NamdhariElibrary@gmail.com

ਇਸ ਵੇਲੇ ਪੰਜਾਬ ਦੀ ਸਮੁਚੀ ਜਨਤਾ ਸੂਰਜ ਦੀ ਹਰ ਚੜ੍ਹਦੀ-ਕਿਰਨ ਨਾਲ ਇਹ ਅਰਦਾਸ ਕਰਦੀ ਹੈ ਕਿ ਕੋਈ ਅਮਨ ਸ਼ਾਂਤੀ ਦਾ ਸੁਨੇਹਾ ਆਵੇ ਤੇ ਪੰਜਾਬ ਮੁੜ ਸੁਖੀ ਹੋਵੇ। ਸਿਖਾਂ ਅਤੇ ਹਿੰਦੂਆਂ ਦਾ ਭਾਰੀ ਵਰਗ ਅਮਨ ਅਮਨ ਕੂਕ ਰਿਹਾ ਹੈ।

ਪਰ ਅਮਨ ਦੇ ਦੁਸ਼ਮਨ ਵੀ ਅਜਿਹੀ ਕਿਰਨ ਨੂੰ ਸਦਾ ਹੀ ਮੇਟਣ ਦਾ ਜਤਨ ਕਰਦੇ ਰਹੇ ਹਨ ਅਤੇ ਸਦਾ ਹੀ ਕਤਲਾਂ ਅਤੇ ਹਿੰਸਕ ਕਾਰਵਾਈਆਂ ਨਾਲ ਅਮਨ ਨੂੰ ਅਗੋ ਤੋਂ ਅਗੇਰੇ ਧਕਿਣ ਦਾ ਜਤਨ ਕਰਦੇ ਹਨ।

ਅਤਿਵਾਦੀਆਂ, ਵੱਖਵਾਦੀਆਂ ਅਤੇ ਹੋਰ ਸਭ ਪਰਦੇਸੀ ਏਜੰਸੀਆਂ ਦੇ ਦਬਾਵਾਂ ਤੋਂ ਮੁਕਤ ਹੋਕੇ ਅਕਾਲੀਆਂ ਅਤੇ ਸਰਕਾਰ ਨੂੰ ਇਕੱਠਿਆਂ ਬੈਠ ਕੇ ਪੰਜਾਬ ਮਸਲਾ ਹਲ ਕਰਨਾ ਚਾਹੀਦਾ ਹੈ। ਅਮਨ-ਏਕਤਾ ਦੀ ਇਛੁਕ ਪੰਜਾਬ ਦੀ ਜਨਤਾ ਦੀਆਂ ਇਹ ਹੀ ਭਾਵਨਾਵਾਂ ਹਨ। ਇਹਨਾਂ ਭਾਵਨਾਵਾਂ ਦੀ ਹੀ ਅੰਤ ਨੂੰ ਜਿੱਤ ਹੋਣੀ ਹੈ ਅਤੇ ਇੰਸ ਨੇ ਹੀ ਸਿਆਸੀ ਖਿਲਾੜੀਆਂ ਵਲੋਂ ਖੇਡ ਛਡ ਕੇ ਆਪਸ ਵਿਚ ਘੂਰੋ-ਮੁਕੀ ਹੋਣ ਦੀ ਪ੍ਰਕ੍ਰਿਆ ਨੂੰ ਬੰਦ ਕਰਨਾ ਹੈ।

ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਅਮਨ-ਏਕਤਾ ਦੀ ਭਾਵਨਾ ਨੂੰ ਨਿਸ਼ੰਗ ਹੋ ਕੇ ਆਵਾਜ਼ ਦੇਣ।

## ਮੁੜ ਲੋਕ ਦਲ

ਦਲਿਤ ਮਜ਼ਦੂਰ ਕਿਸਾਨ ਪਾਰਟੀ ਨੇ ਅਜੇ ਦੇਰ ਵੀ ਨਹੀਂ ਕਢੀ ਕਿ ਮੁੜ ਇਸ ਦਾ ਨਾਮ ਲੋਕ ਦਲ ਰਖ ਦਿਤਾ ਗਿਆ ਹੈ। ਇਸ ਪਾਰਟੀ ਦੇ ਪਰਧਾਨ ਚੌਧਰੀ ਚਰਨ ਸਿੰਘ ਦੇ ਕਾਰਜਾਂ ਵਿਚ ਇਕ ਹੋਰ ਅਹਿਮ ਮੀਲ ਪੱਥਰ ਕਾਇਮ ਹੋ ਗਿਆ। ਚੌਧਰੀ ਚਰਨ ਸਿੰਘ ਨੇ ਕਦੇ ਵੀ ਇਕੋ ਪਾਰਟੀ ਦੀ ਟਿਕਟ ਤੇ ਇਕ ਤੋਂ ਵਧ ਵਾਰ ਲੋਕ ਸਭਾ ਦੀ ਚੋਣ ਨਹੀਂ ਲੜੀ। ਹਰ ਵਾਰ ਜਾਂ ਤਾਂ ਪਾਰਟੀ ਬਦਲੀ ਹੁੰਦੀ ਹੈ ਜਾਂ ਪਾਰਟੀ ਦਾ ਨਾਮ। ਇਹ ਸਾਡੇ ਦੇਸ਼ ਦੀ ਸਿਆਸਤ ਦੇ ਕਿਰਦਾਰ ਦੀ ਇਕ ਝਲਕ ਹੈ। ਪਹਿਲਾਂ ਯੂ. ਪੀ. ਵਿਚ ਅਸੰਬਲੀ ਸੀਟ ਕਾਂਗਰਸ ਦੀ ਟਿਕਟ ਤੇ ਜਿਤਣ ਵਾਲੇ ਜਾਟ ਲੀਡਰ ਚੌਧਰੀ ਚਰਨ ਸਿੰਘ ਨੇ ਕਾਂਗਰਸ ਛੱਡ ਕੇ ਭਾਰਤੀਆ ਕਰਾਂਤੀ ਦਲ ਸਾਜ ਲਿਆ। ੧੯੬੭ ਵਿਚ ਯੂ. ਪੀ. ਅਸੰਬਲੀ ਵਿਚ ਇਸ ਪਾਰਟੀ ਨੇ ੯੯ ਸੀਟਾਂ ਜਿਤੀਆਂ ਸਨ। ਸੰਨ ੧੯੭੪ ਵਿਚ ਭਾਰਤੀਆ ਕਰਾਂਤੀ ਦਲ ਦਾ ਨਾਮ ਭਾਰਤੀਆ ਲੋਕ ਦਲ ਰਖ ਲਿਆ ਗਿਆ। ੧੯੭੭ ਵਿਚ ਚੌਧਰੀ ਸਾਹਿਬ ਜਨਤਾ ਟਿਕਟ ਤੇ ਜਿਤੇ ਅਤੇ ੧੯੮੦ ਵਿਚ ਕੇਵਲ ਲੋਕ ਦਲ ਦੀ ਟਿਕਟ ਉਪਰ। ੧੯੮੪ ਦੀਆਂ ਚੋਣਾਂ ਵਿਚ ਦਲਿਤ ਮਜ਼ਦੂਰ ਕਿਸਾਨ ਪਾਰਟੀ ਸਾਜੀ ਗਈ ਅਤੇ ਇਸ ਦੇ ਜਨਰਲ ਸਕੱਤਰ ਹੇਮਵਤੀ ਨੰਦਨ ਬਹੂਗੁਣਾ ਬਣਾਏ ਗਏ। ਇਹ ਬਹੂਗੁਣਾ ਜੀ ਉਹੀ ਹੋ ਜਿਨ੍ਹਾਂ ਬਾਰੇ ਕਦੀ ਚੌਧਰੀ ਸਾਹਿਬ ਨੇ ਇਲਜ਼ਾਮ ਕੀਤਾ ਸੀ ਕਿ ਇਹ ਰੂਸੀ ਖੁਫੀਆ ਏਜੰਸੀ ਕੇ. ਜੀ. ਬੀ. ਦਾ ਏਜੰਟ ਹੈ। ਹੁਣ ਬਾਹੂਗੁਣਾ ਜੀ ਪਾਰਟੀ ਦੇ ਇਕੋ ਇਕ ਉਪ ਪ੍ਰਧਾਨ ਥਾਪੇ ਗਏ ਹਨ। ਭਾਵ ਉਹ ਪਾਰਟੀ 'ਚ ਨੰਬਰ ਦੋ ਪੁਜ਼ੀਸ਼ਨ ਤੇ ਹਨ।

੧੯੮੦ ਵਿਚ ਜਦੋਂ ਜਨਤਾ ਪਾਰਟੀ ਤੋਂ ਲੋਕ ਦਲ ਅਤੇ ਚੌਧਰੀ ਸਾਹਿਬ ਇਸ ਗੱਲ ਤੇ ਅਲਗ ਹੋਏ ਕਿ ਜਨਤਾ ਪਾਰਟੀ ਵਿਚੋਂ ਉਹ ਜਨਸੰਘ ਨੂੰ ਇਸ ਲਈ ਤੇ ਬਾਹਰ ਕਢਣਾ ਚਾਹੁੰਦੇ ਸਨ ਕਿ ਇਹਦੇ ਮੈਂਬਰ ਰਾਸ਼ਟਰ ਸਵੈਮ ਸੇਵਕ ਸੰਘ (ਆਰ. ਐਸ. ਐਸ.) ਦੇ ਵੀ ਮੈਂਬਰ ਹੋਣ ਕਰਕੇ ਦੋਹਰੀ ਮੈਂਬਰਸ਼ਿਪ ਰਖਦੇ ਹਨ। ਪਰ ਉਸੇ ਜਨਸੰਘ ਦੇ ਨਵੇਂ ਰੂਪ ਭਾਰਤੀ ਜਨਤਾ ਪਾਰਟੀ ਨਾਲ ਉਹਨਾਂ ਪਹਿਲੀਆਂ ਸਾਰੀਆਂ ਗਲਾਂ ਭੁਲਾ ਕੇ ਨੈਸ਼ਨਲ ਡੈਮੋਕਰੇਟਕ ਫਰੰਟ ਵੀ ਬਣਾ ਲਿਆ।

ਭਾਰਤੀ ਜਨਤਾ ਪਾਰਟੀ ਦੇ ਇਕ ਸਾਬਕ ਪਰਮੁਖ ਨੇਤਾ ਸ੍ਰੀ ਰਾਮ ਜੇਠਮਲਾਨੀ ਨੇ ਸ਼ੋਲਾਪੁਰ ਵਿਚ ਅਗਸਤ ੧੯੮੪ ਨੂੰ ਚਰਨ ਸਿੰਘ ਬਾਰੇ ਇਹ ਕਿਹਾ ਸੀ ਕਿ ਜੇ ਇਹ ਬੁੱਢਾ ਲੀਡਰ ਜਿਹੜਾ ਰਾਤ ਅੱਠ ਵਜੇ ਬਾਅਦ ਜਾਗ ਵੀ ਨਹੀਂ ਸਕਦਾ ਸਿਆਸਤ ਚੋਂ ਰਿਟਾਇਰ ਹੋ ਜਾਵੇ ਤਾਂ ਵਿਰੋਧੀ ਧਿਰ (ਆਪੋਜ਼ੀਸ਼ਨ) ਦੀ ਏਕਤਾ ਮਿੰਟਾਂ ਵਿਚ ਹੋ ਸਕਦੀ ਹੈ।

ਜਨਤਾ ਹੋਵੇ, ਜਨਸੰਘ ਹੋਵੇ ਜਾਂ ਲੋਕ ਦਲ ਗਲ ਤਾਂ ਤਦ ਹੀ ਬਣਦੀ ਹੈ ਜੇ 'ਲੋਕ' ਜਾਂ 'ਜਨ' ਜਾਂ ਜਨਤਾ ਇਸ ਦੇ ਨਾਲ ਹੋਵੇ ਅਜੇ ਤਕ ਇਹਨਾਂ ਲੀਡਰਾਂ ਨੂੰ ਇਹ ਸਮਝ ਨਹੀਂ ਆਈ ਕਿ ਨਾਮ ਬਦਲਣ ਨਾਲ ਲੋਕ, ਜਨ ਜਾਂ ਜਨਤਾ ਪਿਛੇ ਨਹੀਂ ਲਗਦੇ। ਇਹਨਾਂ ਨੇ ਲੋਕਾਂ ਨੂੰ ਨਹੀਂ ਪਛਾਣਿਆਂ ਪਰ ਲੋਕਾਂ ਨੇ ਪਛਾਣ ਲਿਆ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਹਿੰਦੂ

—ਗੁਰਬਖਸ਼ ਸਿੰਘ

ਇਹ ਲੇਖ ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਥਾਪੀ ਗਈ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਕਮੇਟੀ ਵਲੋਂ ਪ੍ਰਕਾਸ਼ਤ "ਗੁਰੂ ਤੇਗ ਬਹਾਦਰ ਸਿਮ੍ਰਤੀ ਗ੍ਰੰਥ" 'ਚੋਂ ਧਨਵਾਦ ਸਹਿਤ ਲਿਆ ਗਿਆ ਹੈ। ਇਥੇ ਅਸੀਂ ਪੂਰੇ ਲੇਖ "ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪਰਿਣਾਮ" ਵਿਚੋਂ ਕੇਵਲ ਹਿੰਦੂਆਂ ਉਤੇ ਸ਼ਹੀਦੀ ਦੇ ਪ੍ਰਭਾਵ ਅਤੇ ਉਸ ਦੇ ਹੁੰਗਾਰੇ ਵਾਲਾ ਭਾਗ ਹੀ ਪ੍ਰਕਾਸ਼ਤ ਕਰ ਰਹੇ ਹਾਂ। ਲੇਖ ਦਾ ਇਹ ਭਾਗ ਛਾਪਣ ਦਾ ਮੰਤਵ ਹਿੰਦੂਆਂ ਅਤੇ ਸਿਖਾਂ ਦੀ ਡੂੰਘੀ ਸਾਂਝ ਉਤੇ ਚਾਨਣਾ ਪਾਉਣਾ ਹੈ। ਇਸ ਗ੍ਰੰਥ ਦੇ ਸੰਪਾਦਕ ਪ੍ਰਸਿੱਧ ਸਿਖ ਵਿਦਵਾਨ ਪ੍ਰਿੰ: ਸਤਿਬੀਰ ਸਿੰਘ ਜੀ ਹਨ। —ਸੰਪਾਦਕ

ਗੁਰੂ ਤੇਗ ਬਹਾਦਰ ਨੇ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਆਏ ਕਸ਼ਮੀਰੀ ਬ੍ਰਾਹਮਣਾਂ ਦੀ ਪੁਕਾਰ ਤੇ ਔਰੰਗਜ਼ੇਬ ਨੂੰ ਅਤਿਆਚਾਰ ਤੋਂ ਵਰਜਣ ਲਈ ਕੁਰਬਾਨੀ ਦਿਤੀ ਸੀ। ਉਹ ਜਾਣਦੇ ਸਨ ਕਿ ਬ੍ਰਾਹਮਣ ਜੰਞੂ ਪਹਿਨਣ ਵਾਲੀ ਕੌਮ ਹੈ ਅਤੇ ਸਿੱਖ ਧਰਮ ਵਿਚ ਬੁਨਿਆਦੀ ਤੌਰ ਤੇ ਉਸ ਕਿਸਮ ਦਾ ਜੰਞੂ ਪਹਿਨਣ ਦਾ ਵਿਰੋਧ ਕੀਤਾ ਗਿਆ ਹੈ ਜਿਸ ਦਾ ਬ੍ਰਾਹਮਣ ਪ੍ਰਚਾਰ ਕਰਦੇ ਹਨ। ਇਹ ਗੱਲ ਅਜੀਬ ਜਾਪੇਗੀ ਕਿ ਜੰਞੂ ਦਾ ਵਿਰੋਧ ਕਰਨ ਵਾਲਾ ਗੁਰੂ, ਜੰਞੂ ਦੀ ਰਾਖੀ ਲਈ ਬਲੀਦਾਨ ਦੇਵੇ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਗੁਰੂ ਤੇਗ ਬਹਾਦਰ ਕਿਸੇ ਨੂੰ ਡਰਾਣ ਧਮਕਾਣ ਦੀ ਨੀਤੀ ਦੇ ਵੀ ਸਖ਼ਤ ਵਿਰੁਧ ਸਨ। ਉਹ ਮਨਾਂ ਤੋਂ ਭੈ ਕਢ ਦੇਣਾ ਚਾਹੁੰਦੇ ਸਨ ਅਤੇ ਵਿਚਾਰਾਂ ਤੇ ਪੂਜਾ ਪਾਠ ਦੀ ਸੁਤੰਤਰਤਾ ਦੇ ਹਾਮੀ ਸਨ। ਇਸੇ ਲਈ ਜੰਞੂ ਦੇ ਵਿਰੋਧੀ ਹੋਣ ਦੇ ਬਾਵਜੂਦ ਉਨ੍ਹਾਂ ਦੇ ਬੁਨਿਆਦੀ ਸਿਧਾਂਤ ਉਨ੍ਹਾਂ ਨੂੰ ਜੰਞੂ ਪਹਿਨਣ ਵਾਲਿਆਂ ਦੀ ਰੱਖਿਆ ਲਈ ਪ੍ਰੇਰਨਾ ਦੇਂਦੇ ਸਨ। ਹੁਣ ਸਵਾਲ ਇਹ ਉਠਦਾ ਹੈ ਕਿ ਹਿੰਦੂ ਧਰਮ, ਜੰਞੂ ਅਤੇ ਤਿਲਕ ਦੀ ਖ਼ਾਤਰ ਜਾਨ ਦੇਣ ਤੇ ਗੁਰੂ ਜੀ ਦਾ ਹਿੰਦੂਆਂ ਉਤੇ, ਹਿੰਦੂ ਧਰਮ ਉਤੇ ਅਤੇ ਹਿੰਦੂ ਸਮਾਜ ਉਤੇ ਕੀ ਪ੍ਰਭਾਵ ਪਿਆ? ਇਸ ਪ੍ਰਸ਼ਨ ਦੇ ਡੂੰਘੇ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਹਿੰਦੂਆਂ ਵਿਚ ਵਰਣ ਅਨੁਸਾਰ ਹੋਈ ਜਾਤੀ ਵੰਡ ਕਾਰਨ, ਵੱਖ ਵੱਖ ਸ਼੍ਰੇਣੀਆਂ ਨੇ ਵਖੋ ਵਖ ਪ੍ਰਭਾਵ ਕਬੂਲ ਕੀਤੇ। ਉਨ੍ਹਾਂ ਦੇ ਪ੍ਰਤੀਕਰਮ ਵੀ ਵੱਖ ਵੱਖ ਸਨ। ਬ੍ਰਾਹਮਣਾਂ ਨੂੰ ਆਪਣੀ ਵਿਦਵਤਾ ਅਤੇ ਵਰਣ ਦੀ ਉੱਚਤਾ ਤੇ ਮਾਣ ਸੀ। ਸਿਖ ਧਰਮ ਦੇ ਦੋ ਸੌ ਵਰ੍ਹਿਆਂ ਦੇ ਇਤਿਹਾਸ ਤੋਂ ਸਿਧ ਹੁੰਦਾ ਹੈ ਕਿ ਬ੍ਰਾਹਮਣਾਂ ਨੇ ਬਹੁਤ ਵਡੀ ਗਿਣਤੀ ਵਿਚ ਇਹ ਧਰਮ ਨਹੀਂ ਕਬੂਲਿਆ, ਪਰ ਇਸ ਦਾ ਇਹ ਭਾਵ ਨਹੀਂ ਕਿ ਉਨ੍ਹਾਂ ਨੇ ਜਾਤੀ ਤੌਰ ਤੇ ਸਿਧਾ ਵਿਰੋਧ ਕੀਤਾ। ਇਹ ਜ਼ਰੂਰ ਹੈ ਕਿ ਬ੍ਰਾਹਮਣਾਂ ਨੇ ਸਿਖ ਧਰਮ ਦੇ ਉਨ੍ਹਾਂ ਸਿਧਾਂਤਾਂ ਦਾ ਵਿਰੋਧ ਕੀਤਾ ਜਿਸ ਦੁਆਰਾ ਬੁਤ-ਪੂਜਾ, ਜਾਤਪਾਤ, ਸੰਸਕ੍ਰਿਤ ਦੀ ਮਹੱਤਤਾ, ਵੇਦਾਂ ਨੂੰ ਇਲਹਾਮੀ ਪੁਸਤਕ ਮੰਨਣ ਆਦਿ ਦਾ ਖੰਡਣ ਕੀਤਾ ਗਿਆ। ਸਿੱਖ ਧਰਮ ਦੇ ਮੁਢੱਲੇ ਸਿਧਾਂਤ ਬ੍ਰਾਹਮਣਾਂ ਦੇ ਪ੍ਰਚਲਿਤ ਅਸੂਲਾਂ ਨਾਲ ਟਕਰਾਂਦੇ ਹਨ। ਇਸ ਲਈ ਸਿੱਖ ਧਰਮ ਦੀ ਪ੍ਰਗਤੀ ਵਿਚ ਬ੍ਰਾਹਮਣਾਂ ਨੂੰ ਆਪਣੇ ਲਈ ਇਕ ਪ੍ਰਕਾਰ ਦੀ ਵੰਗਾਰ ਦਿਸਦੀ ਸੀ। ਸਿੱਖ ਧਰਮ ਦਾ ਵਿਕਾਸ ਬ੍ਰਾਹਮਣਾਂ ਦੀ ਉਸ ਸ੍ਰੇਣੀ ਨੂੰ ਉੱਕਾ ਹੀ ਨਹੀਂ ਭਾਉਂਦਾ ਸੀ ਜਿਸ ਨੂੰ ਪ੍ਰਿਤ



Sri Satguru Jagjit Singh Ji eLibrary NamdhariElibrary@gmail.com

ਸੂਲੀ ਆਖਿਆ ਜਾਂਦਾ ਸੀ ਅਤੇ ਜੋ ਸਿਖ ਧਰਮ ਦੇ ਵਿਕਾਸ ਵਿਚ ਆਪਣੇ ਧਰਮ ਨੂੰ ਖੁਸਦਾ ਵੇਖਦੀ ਸੀ। ਸਮੁੱਚੇ ਤੌਰ ਤੇ ਬ੍ਰਾਹਮਣਾਂ ਨੇ ਵੀ ਸਿੱਖ ਧਰਮ ਪ੍ਰਤੀ ਕੋਈ ਅਨਾਦਰ ਪ੍ਰਗਟ ਨਹੀਂ ਕੀਤੀ। ਇਸ ਤੋਂ ਇਹ ਨਤੀਜਾ ਵੀ ਨਹੀਂ ਕਢਣਾ ਚਾਹੀਦਾ, ਜਿਵੇਂ ਕੁਝ ਇਤਿਹਾਸਕਾਰਾਂ ਨੇ ਕਹਿਆ ਹੈ ਕਿ ਚਾਲਾਕ ਬ੍ਰਾਹਮਣਾਂ ਨੇ ਗੁਰੂ ਤੇਗ ਬਹਾਦਰ ਅਤੇ ਔਰੰਗਜ਼ੇਬ ਨੂੰ ਆਪਸ ਵਿਚ ਲੜਾ ਦਿਤਾ ਸੀ। ਅਜਿਹਾ ਕਹਿਣਾ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਦੇ ਮੱਹਤਵ ਨੂੰ ਅਖੋਂ ਉਹਲੇ ਕਰਨ ਦੇ ਤੁਲ ਹੋਵੇਗਾ। ਵਾਸਤਵ ਵਿਚ ਭਾਰਤ ਨਹੀਂ ਤਾਂ ਘੱਟੋ ਘੱਟ ਪੰਜਾਬ ਦੇ ਹਿੰਦੂਆਂ ਦੀ ਅਧਿਆਤਮਿਕਤਾ ਦੀ ਵਾਗ ਡੋਰ ਗੁਰੂ ਤੇਗ ਬਹਾਦਰ ਸਾਹਿਬ ਦੇ ਹੱਥ ਆ ਚੁੱਕੀ ਸੀ। ਹਿੰਦੂਆਂ ਉੱਤੇ ਢਾਹੇ ਜਾ ਰਹੇ ਮੁਗਲ ਅੱਤਿਆਚਾਰਾਂ ਦਾ ਵਿਰੋਧ ਇਕਨਾ ਘਨਾਉਣਾ ਰੂਪ ਧਾਰਨ ਕਰ ਰਿਹਾ ਸੀ ਕਿ ਗੁਰੂ ਸਾਹਿਬ ਲਈ ਇਕ ਪਾਸੇ ਏਕਾਂਤ ਵਿਚ ਬੈਠ ਰਹਿਣਾ ਸੰਭਵ ਨਹੀਂ ਸੀ। ਨਾ ਹੀ ਅਜੇਹਾ ਕਰਨਾ ਉਹਨਾਂ ਦੀ ਅਧਿਆਤਮਕ ਉੱਚਤਾ ਨਾਲ ਮੇਲ ਖਾਂਦਾ ਸੀ। ਇਸ ਤੋਂ ਇਲਾਵਾ ਬ੍ਰਾਹਮਣ ਵਰਗ ਦਾ ਨੇਤਾ ਕਿਰਪਾ ਰਾਮ ਗੁਰੂ ਸਾਹਿਬ ਦੇ ਦਰਬਾਰ ਵਿਚ ਰਹਿ ਚੁੱਕਿਆ ਸੀ। ਕੇਵਲ ਗੁਰੂ ਤੇਗ ਬਹਾਦਰ ਵਿਚ ਹੀ ਉਸ ਨੂੰ ਉਮੀਦ ਦੀ ਰੋਸ਼ਨ ਕਿਰਨ ਵਿਖਾਈ ਦਿਤੀ ਅਤੇ ਇਸੇ ਲਈ ਉਸ ਨੇ ਗੁਰੂ ਸਾਹਿਬ ਨੂੰ ਬ੍ਰਾਹਮਣਾਂ ਦੀ ਅਗਵਾਈ ਲਈ ਬੇਨਤੀ ਕੀਤੀ। ਫਲ ਸਰੂਪ ਗੁਰੂ ਸਾਹਿਬ ਦੀ ਸ਼ਹੀਦੀ ਦਾ ਉਨ੍ਹਾਂ ਹਿੰਦੂਆਂ ਤੇ ਪ੍ਰਭਾਵ ਆਵਸ਼ਕ ਸੀ। ਗੁਰੂ ਸਾਹਿਬ ਦੀ ਸ਼ਹੀਦੀ ਉਪਰੰਤ ਏਹੋ ਪੰਡਤ ਕਿਰਪਾ ਰਾਮ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠਾਂ ਉਨ੍ਹਾਂ ਦੇ ਮੁਗਲ ਵੈਰੀਆਂ ਵਿਰੁੱਧ ਲੜਦਾ ਮੈਦਾਨੇ ਜੰਗ ਵਿੱਚ ਸ਼ਹੀਦ ਹੋ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਜਦ ਪੰਜਾਬ ਵਿੱਚ ਮੁਗਲ ਰਾਜ ਵਿਰੁੱਧ ਨਫਰਤ ਤੇ ਘ੍ਰਿਣਾ ਦੇ ਬੇ-ਪਨਾਹ ਜਜ਼ਬਾਤ ਪੈਦਾ ਹੋਏ, ਮੁਗਲਾਂ ਨੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ ਅਤੇ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਲਈ ਸਰਕਾਰ ਨੇ ਫੌਜੀ ਮੁਹਿੰਮਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਸਿੱਖਾਂ ਨੂੰ ਪਿੰਡਾਂ ਦੇ ਹਿੰਦੂਆਂ ਅਤੇ ਬ੍ਰਾਹਮਣਾਂ ਨੇ ਰਜ ਕੇ ਸਹਾਇਤਾ ਦਿੱਤੀ ਅਤੇ ਆਪਣੇ ਘਰਾਂ ਵਿੱਚ ਉਨ੍ਹਾਂ ਨੂੰ ਪਨਾਹ ਤੇ ਸ਼ਰਨ ਵੀ ਦਿੱਤੀ। ਸਿੱਖ ਗੁਰੀਲਿਆ ਲਈ ਹਿੰਦੂਆਂ ਦੇ ਘਰ, ਰਖਿਆ ਦੇ ਕਿਲ੍ਹੇ ਬਣ ਗਏ। ੧੭੦੭ ਤੋਂ ੧੭੫੨ ਈਸਵੀ ਤਕ ਪੰਜਾਬ ਵਿੱਚ ਸਿੱਖ-ਮੁਗਲ ਟਕਰ ਨੇ ਜੋ ਜਨ ਸਾਧਾਰਨ ਦੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ ਸੀ, ਉਸ ਨੂੰ ਇਹ ਰੂਪ ਪਰਦਾਨ ਕਰਨ ਵਿੱਚ ਹਿੰਦੂਆਂ ਦਾ ਤੇ ਬ੍ਰਾਹਮਣਾਂ ਦਾ ਬਹੁਤ ਭਾਰੀ ਹਿੱਸਾ ਸੀ। ਸਿਖਾਂ ਨੂੰ ਹਿੰਦੂਆਂ ਦਾ ਇਥੋਂ ਤਕ ਸਮਰਥਨ ਪਰਾਪਤ ਸੀ ਕਿ ਮੁਗਲ ਦਰਬਾਰ ਦੇ ਹਿੰਦੂ ਕਾਰਿੰਦੇ ਖੁਲ੍ਹਮ ਖੁਲ੍ਹਾ ਸਿੱਖਾਂ ਦੀ ਸਹਾਇਤਾ ਕਰਦੇ। ਮੁਨਸ਼ੀ ਸੁਜਾਨ ਰਾਇ ਨੇ ਆਪਣੀ ਪੁਸਤਕ ੧੬੯੬ ਈ. ਵਿੱਚ ਲਿਖੀ। ਇਹ ਔਰੰਗਜ਼ੇਬ ਦੇ ਰਾਜ ਦੇ ਸਿਖਰ ਦਾ ਸਮਾਂ ਸੀ। ਇਸ ਨੇ ਆਪਣੀ ਪੁਸਤਕ ਵਿੱਚ ਸਿੱਖਾਂ ਲਈ ਅਤਿ ਦੀ ਸ਼ਰਧਾ ਤੇ ਪਿਆਰ ਦਾ ਸਬੂਤ ਦਿਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਜੋ ਵਿਚਾਰ ਇਸ ਨੇ ਦਿਤੇ ਹਨ, ਉਸ ਵਿੱਚ ਵੀ ਉਸ ਦੀ ਦਲੇਰੀ ਅਤੇ ਸਿੱਖ ਪਿਆਰ ਦਾ ਜਜ਼ਬਾ ਪਰਤੱਖ ਝਲਕਾਂ ਮਾਰਦਾ ਦਿਸਦਾ ਹੈ। ਮੁਨਸ਼ੀ ਸੁਜਾਨ ਰਾਇ ਦਾ ਇਹ ਕਹਿਣਾ ਨਿਹਾਇਤ ਮਹੱਤਵ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਿਸੇ ਸ਼ਾਹੀ ਹੁਕਮ ਨਾਲ ਗਰਿਫਤਾਰ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਨੇ ਆਪਣੇ ਆਪ ਨੂੰ ਖੁਦ ਗਰਿਫਤਾਰੀ ਲਈ ਸ਼ਾਹੀ ਅਮੀਰਾਂ ਪਾਸ ਪੇਸ਼ ਕੀਤਾ।

ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਹਜ਼ਾਰਾਂ ਹਿੰਦੂ ਜਿੱਥੇ ਗੁਰੂ ਸਾਹਿਬ ਪਹੁੰਚਦੇ, ਉਨ੍ਹਾਂ ਦੇ ਦਰਸ਼ਨਾਂ ਨੂੰ ਉੱਥੇ ਪਹੁੰਚ ਜਾਂਦੇ ਸਨ। ਉਹ ਸਿਰਫ ਦਰਸ਼ਨ ਹੀ ਨਾ ਕਰਦੇ ਜਿਥੇ ਗੁਰੂ ਸਾਹਿਬ ਜਾਂਦੇ, ਉਹ ਉਨ੍ਹਾਂ ਦੇ ਨਾਲ ਜਾਂਦੇ ਤੇ ਉਹ ਸਾਰੇ ਪੰਜਾਬ ਵਿਚ ਗੁਰੂ ਸਾਹਿਬ ਦੇ ਨਾਲ ਫਿਰਦੇ ਰਹਿੰਦੇ। ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਉਪਰੰਤ ਹਿੰਦੂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਅਗਵਾਈ ਹੇਠ- ਭੰਗਾਣੀ ਦੇ ਯੁਧ ਵਿਚ ਪਹਾੜੀ ਰਾਜਿਆਂ ਨਾਲ ਤੇ ਨਦੌਨ ਦੀ ਲੜਾਈ ਵਿੱਚ ਮੁਗਲਾਂ ਨਾਲ ਖਹਿਬੜੇ। ਅਨੰਦਪੁਰ, ਚਮਕੌਰ ਤੇ ਮੁਕਤਸਰ ਆਦਿ ਥਾਵਾਂ ਤੇ ਮੁਗਲਾਂ ਨੂੰ ਪਛਾੜਦੇ ਰਹੇ। ਇਹ ਠੀਕ ਹੈ ਕਿ ਇਨ੍ਹਾਂ ਹਿੰਦੂਆਂ ਨੇ ਅੰਮ੍ਰਿਤ ਛੱਕ ਲਿਆ ਸੀ, ਪਰ ਉਹ ਹਿੰਦੂ ਹੀ ਸਨ ਅਤੇ ਹਿੰਦੂ ਧਰਮ ਲਈ ਗੁਰੂ ਤੇਗ ਬਹਾਦਰ ਦੀ ਅਦੁੱਤੀ ਤੇ ਮਹਾਨ ਸ਼ਹੀਦੀ ਨੇ ਉਨ੍ਹਾਂ ਨੂੰ ਇਹ ਪ੍ਰੇਰਨਾ ਦਿੱਤੀ ਕਿ ਉਹ ਅੰਮ੍ਰਿਤ ਛਕਣ। ਗੁਰੂ ਤੇਗ ਬਹਾਦਰ ਅਤੇ ਹਿੰਨ ਹੋਰਨਾਂ ਸਿੱਖਾਂ ਦੀ ਹਿੰਦੂ ਧਰਮ ਲਈ ਦਿੱਤੀ ਕੁਰਬਾਨੀ ਬਦਲੇ ਉਨ੍ਹਾਂ ਨੇ ਨਾ ਕੇਵਲ ਸਿੱਖ ਧਰਮ ਵਿਚ ਪਰਵੇਸ਼ ਕੀਤਾ ਸਗੋਂ ਸਿੱਖ ਸਿਧਾਂਤਾਂ ਅਤੇ ਰਹਿਤ ਮਰਯਾਦਾ ਦੀ ਰੱਖਿਆ ਲਈ ਅੰਮ੍ਰਿਤ ਛੱਕ ਕੇ ਆਪਣੀਆਂ ਜਾਨਾਂ ਵਾਰਨ ਤੋਂ ਵੀ ਸੰਕੋਚ ਨਾ ਕੀਤਾ। ਇਹ ਸਿਲਸਿਲਾ ਇਸੀ



Sri Satguru Jagjit Singh Ji eLibrary NamdhariElibrary@gmail.com

ਤਕ ਜਾਰੀ ਰਹਿਆ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ ਜੋਤ ਸਮਾਉਣ ਉਪਰੰਤ ਜਦ ਸਿੱਖਾਂ ਦੀ ਰਾਜਸੀ ਵਾਗ ਡੋਰ ਬੰਦਾ ਬਹਾਦਰ ਨੂੰ ਮਿਲੀ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਈਰਾਨ, ਤੂਰਾਨ, ਅਫ਼ਗਾਨਿਸਤਾਨ ਤੇ ਮੁਲਤਾਨ ਦੇ ਹਿੰਦੂਆਂ ਨੇ ਪੰਜਾਬ ਵਲ ਵਹੀਰਾਂ ਘਤ ਦਿਤੀਆਂ। ਧਰਮ ਦੀ ਸ਼ਰਨ ਲਈ ਬੰਦਾ ਬਹਾਦਰ ਦੀ ਫੌਜ ਵਿੱਚ ਸ਼ਾਮਿਲ ਹੋ ਗਏ। ਹਿੰਦੂਆਂ ਨੇ ਗੁਰੂ ਤੇਗ ਬਹਾਦਰ ਦੀ ਅਦੁਤੀ ਕੁਰਬਾਨੀ ਸਦਕਾ ਮੁਗ਼ਲਾਂ ਨੂੰ ਦਸ ਦਿੱਤਾ ਕਿ ਹੁਣ ਇਕ ਗੁਰੂ ਹੀ ਕੁਰਬਾਨੀ ਨਹੀਂ ਦੇਵੇਗਾ, ਉਸ ਦੇ ਉਪਾਸਕ ਹਜ਼ਾਰਾਂ ਦੀ ਗਿਣਤੀ ਵਿਚ ਕੁਰਬਾਨ ਹੋਣ ਲਈ ਅੰਮ੍ਰਿਤ ਛੱਕ ਕੇ ਬਲੀਦਾਨ ਦੇਣ ਤੇ ਸਿੱਖ ਧਰਮ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਣਗੇ।

ਇਹ ਠੀਕ ਹੈ ਕਿ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਰੋਧ ਕੀਤਾ, ਪਰ ਇਸ ਵਿੱਚ ਉਨ੍ਹਾਂ ਦੀਆਂ ਰਾਜਸੀ ਇੱਛਾਵਾਂ ਕੰਮ ਕਰ ਰਹੀਆਂ ਸਨ। ਨਦੌਨ ਦੇ ਅਸਥਾਨ ਤੇ ਸਿੰਘਾਂ ਹੱਥੋਂ ਮੁਗ਼ਲਾਂ ਦੀ ਹਾਰ ਦਾ ਨਕਸ਼ਾ ਵੇਖ ਕੇ, ਪਹਾੜੀ ਰਾਜੇ ਜੰਗ ਦੇ ਮੈਦਾਨ ਵਿਚੋਂ ਭਜ ਗਏ ਅਤੇ ਗੁਰੂ ਸਾਹਿਬ ਨੂੰ ਇਕੱਲਿਆਂ ਮੁਗ਼ਲਾਂ ਨਾਲ ਲੜਨ ਲਈ ਛੱਡ ਗਏ। ਪਰ ਇਹ ਸਭ ਕੁਝ ਉਹ ਆਪਣੇ ਰਾਜਸੀ ਹਿਤਾਂ ਨੂੰ ਅਸੁਰੱਖਿਅਤ ਵੇਖ ਕੇ ਕਰ ਰਹੇ ਸਨ। ਉਨ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਵਿਰੋਧ ਇਸ ਲਈ ਨਹੀਂ ਕੀਤਾ ਕਿ ਉਹ ਗੁਰੂ ਤੇਗ ਬਹਾਦਰ ਦੇ ਸਪੁੱਤਰ ਸਨ, ਸਗੋਂ ਇਸ ਲਈ ਕਿ ਸਿੱਖਾਂ ਦੇ ਚੜ੍ਹਦੇ ਤੇਜ ਪ੍ਰਤਾਪ ਅੱਗੇ ਉਨ੍ਹਾਂ ਨੂੰ ਆਪਣਾ ਰਾਜਸੀ ਭਵਿੱਖ ਖਤਰੇ ਵਿਚ ਜਾਪਦਾ ਸੀ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਤਤਕਾਲੀਨ ਪ੍ਰਭਾਵ ਵੀ ਬਹੁਤ ਉੱਘਾ ਸੀ। ਸਮਕਾਲੀ ਲੇਖਕ ਮੁਹੰਮਦ ਸਾਕੀ ਮੁਸਤਇਦ ਖਾਨ, ਜਿਸ ਨੇ ਆਪਣੀ ਪੁਸਤਕ 'ਮਆਸਿਰ-ਇ-ਆਲਮਗੀਰੀ' ੧੭੧੨-੧੩ ਵਿਚ ਲਿਖੀ ਦਸਦਾ ਹੈ ਕਿ ਸ਼ਹੀਦੀ ਦੇ ਕੁਝ ਮਹੀਨਿਆਂ ਮਗਰੋਂ ਹੀ ਔਰੰਗਜ਼ੇਬ ਉੱਪਰ ਕਾਤਲਾਨਾ ਹਮਲੇ ਹੋਏ। ਇਕ ਹਮਲਾਵਰ ਦੀ ਪਛਾਣ ਬਾਰੇ ਤਾਂ ਉਹ ਕੋਈ ਸੰਦੇਹ ਵੀ ਨਹੀਂ ਰਹਿਣ ਦੇਂਦਾ ਅਤੇ ਉਹ ਲਿਖਦਾ ਹੈ ਕਿ ਹਮਲਾਵਰ ਗੁਰੂ ਤੇਗ ਬਹਾਦਰ ਦਾ ਚੇਲਾ ਸੀ। ਉਸ ਨੂੰ ਕੋਤਵਾਲ ਦੇ ਹਵਾਲੇ ਕੀਤਾ ਗਿਆ। ਔਰੰਗਜ਼ੇਬ ਜਾਮਿਆ ਮਸਜਿਦ ਤੋਂ ਨਿਮਾਜ਼ ਪੜ੍ਹ ਕੇ ਬਾਹਰ ਆ ਰਿਹਾ ਸੀ ਕਿ ਹਮਲਾਵਰ ਨੇ ਬਾਦਸ਼ਾਹ ਉਤੇ ਦੋ ਇੱਟਾਂ ਮਾਰੀਆਂ। ਇੱਕ ਤਖ਼ਤ ਤੇ ਡਿਗੀ, ਦੂਜੀ ਨਾਲ ਡਿਗ ਪਈ। ਦੂਜੇ ਹਮਲੇ ਵਿਚ ਹਮਲਾਵਰ ਨੇ ਲਕੜੀ ਨਾਲ ਵਾਰ ਕੀਤਾ। ਉਸ ਨੂੰ ਵੀ ਕੋਤਵਾਲ ਦੇ ਹਵਾਲੇ ਕਰ ਦਿਤਾ ਗਿਆ। ਤੀਜੇ ਹਮਲਾਵਰ ਨੇ ਨੰਗੀ ਤਲਵਾਰ ਨਾਲ ਬਾਦਸ਼ਾਹ ਤੇ ਵਾਰ ਕੀਤਾ। ਉਸ ਨਾਲ ਬਾਦਸ਼ਾਹ ਦੇ ਸਾਥੀ ਮੁਕਰਮ ਖਾਨ ਦੀ ਉਂਗਲੀ ਵੱਢੀ ਗਈ। ਉਕਤ ਕੁਝ ਉਦਾਹਰਣਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਹਿੰਦੂਆਂ ਨੇ ਹਿੰਦੂਆਂ ਲਈ ਕੀਤੀ ਗੁਰੂ ਤੇਗ ਬਹਾਦਰ ਦੀ ਅਦੁੱਤੀ ਕੁਰਬਾਨੀ ਦੀ ਸਹੀ ਕਦਰ ਪਾਈ। ਮੁਗ਼ਲ ਬਾਦਸ਼ਾਹ ਦੇ ਡਰ ਹੇਠ ਦੋ ਛੱਟ ਮੁੰਢਿਆਂ ਤੋਂ ਉਤਾਰ ਜਿਸ ਦਲੇਰੀ ਨਾਲ ਲੱਖੀ ਸ਼ਾਹ ਅਤੇ ਉਸ ਦੇ ਪੁੱਤਰਾਂ ਨਗਾਹੀਆ ਆਦਿ ਨੇ ਗੁਰੂ ਸਾਹਿਬ ਦਾ ਧੜ ਕਤਲਗਾਹ ਤੋਂ ਲਿਜਾ ਕੇ ਆਪਣੇ ਘਰ ਉਸਦਾ ਸੰਸਕਾਰ ਕੀਤਾ, ਹਿੰਦੂਆਂ ਦੀ ਗੁਰੂ ਤੇਗ ਬਹਾਦਰ ਲਈ ਸ਼ਰਧਾ ਦੀ ਇਕ ਬੇਮਿਸਾਲ ਉਦਾਹਰਣ ਹੈ। ਇਸੇ ਤਰ੍ਹਾਂ ਭਾਈ ਜੈਤਾ ਨੇ ਜਿਸ ਬਹਾਦਰੀ ਨਾਲ ਗੁਰੂ ਸਾਹਿਬ ਦਾ ਸਿਰ ਅਨੰਦਪੁਰ ਪਹੁੰਚਾਇਆ, ਉਹ ਵੀ ਲਾ-ਮਿਸਾਲ ਜੁਰਅੱਤ ਅਤੇ ਦਲੇਰੀ ਦੀ ਪ੍ਰਤੱਖ ਉਦਾਹਰਣ ਹੈ।

ਇਨ੍ਹਾਂ ਹਿੰਦੂਆਂ ਨੇ ਅੰਮ੍ਰਿਤ ਛੱਕ ਕੇ ਜਦ ਬੰਦਾ ਬਹਾਦਰ ਦੇ ਝੰਡੇ ਥਲੇ ਮੁਗ਼ਲਾਂ ਨਾਲ ਲੜਾਈਆਂ ਲੜੀਆਂ ਤਾਂ ਸਮਕਾਲੀ ਲੇਖਕ ਗੁਲਾਮ ਮੁਹੱਈ-ਉੱਦ-ਦੀਨ ੧੭੨੨ ਵਿਚ ਹੀ ਇਹ ਕਹਿਣ ਤੇ ਮਜਬੂਰ ਹੋ ਗਿਆ ਕਿ ਇਨ੍ਹਾਂ ਨੇ ਪੰਜਾਬ ਤੋਂ 'ਰੁਕਬੇ ਸੁਲਤਾਨੀ' ਦਾ ਫੂੰਗਾ ਕੇਰ ਦਿਤਾ। ਦੂਸਰਾ ਸਮਕਾਲੀ ਲੇਖਕ ਲਿਖਦਾ ਹੈ ਕਿ ਕਿਸੇ ਮੁਗ਼ਲ ਜਰਨੈਲ ਨੂੰ ਇਨ੍ਹਾਂ ਲੋਕਾਂ ਨਾਲ ਲੜਨ ਦਾ ਹੀਆ ਨਹੀਂ ਪੈਂਦਾ ਸੀ। ਉਹ ਅਗੋ ਲਿਖਦਾ ਹੈ ਕਿ ਇਨ੍ਹਾਂ ਦੀ ਬਹਾਦਰੀ ਦੇ ਕਿੱਸੇ ਰੂਮ ਤੇ ਸ਼ਾਮ ਤਕ ਫੈਲ ਗਏ। ਇਹ ਸਭ ਕੁਝ ਨਿਰਸੰਦੇਹ ਹਿੰਦੂਆਂ ਉਤੇ ਗੁਰੂ ਤੇਗ ਬਹਾਦਰ ਦੇ ਕੁਰਬਾਨੀ ਰਾਹੀਂ ਉਪਕਾਰਾਂ ਦਾ ਸਿੱਟਾ ਸੀ ਭਾਵੇਂ ਇਹ ਕਹਿਣਾ ਬਿਲਕੁਲ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਨ੍ਹਾਂ ਨੂੰ ਜਥੇਬੰਦੀ ਵਿਚ ਪਰੋਇਆ ਅਤੇ ਇਨ੍ਹਾਂ ਦੇ ਸਵੈ-ਭਰੋਸੇ ਤੇ ਸਵੈ-ਸਨਮਾਨ ਵਿਚ ਬਹੁਤ ਵਾਧਾ ਕੀਤਾ, ਪਰ ਵਾਸਤਵ ਵਿਚ ਗੁਰੂ ਤੇਗ ਬਹਾਦਰ ਦੀ ਅਦੁੱਤੀ ਕੁਰਬਾਨੀ ਅਜਾਈਂ ਨਾ ਗਈ ਅਤੇ ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ ਤਾਂ ਸਾਰੇ ਪੰਜਾਬ ਵਿਚ ਰੋਸੇ ਦੀ ਅਗਨੀ ਭੜਕ ਉਠੀ। ਉਕਤ ਉਦਾਹਰਣਾਂ ਤੋਂ ਬਿਲਕੁਲ ਸਪਸ਼ਟ ਦਿਸਦਾ ਹੈ ਕਿ ਹਿੰਦੂਆਂ ਨੇ ਗੁਰੂ ਤੇਗ ਬਹਾਦਰ ਦੀ ਜੰਞੂ ਤੇ ਤਿਲਕ ਲਈ ਦਿਤੀ ਕੁਰਬਾਨੀ ਦੀ ਮਹੱਤਤਾ ਸਵੀਕਾਰ ਕੀਤੀ ਅਤੇ ਇਸ ਦਾ ਯੋਗ ਉਤਰ ਦਿਤਾ। ×



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

ਕਰਤਾਰ ਸਿੰਘ 'ਪੰਛੀ'

ਇਕ ਪਿਆਰ ਹੁੰਦੈ ਹੱਕਦਾਰਾਂ ਦਾ,
ਇਕ ਪਿਆਰ ਹੁੰਦੈ ਪਰਦਾਰਾਂ ਦਾ।
ਜਿਸ ਪਿਆਰ ਚੋਂ ਜੀਵਨ ਮਿਲਦਾ ਏ,
ਉਹ ਪਿਆਰ ਹੁੰਦੈ ਗ਼ਮਖਾਰਾਂ ਦਾ।

ਕੁਝ ਮਸਤ-ਦੀਵਾਨੇ ਰੱਦੇ ਹੋ,
ਇਕ ਨਾਚ ਰੰਗੀਲਾ ਨੱਚ ਲੈਂਦੇ।
ਇਹ ਗੱਲ ਨਹੀਂ ਚਤੁਰਾਈ ਦੀ,
ਇਹ ਕੰਮ ਨਹੀਂ ਹੁਸ਼ਿਆਰਾਂ ਦਾ।

ਕੁਝ ਪਾਗਲ-ਪਨ ਤਾਂ ਆਸ਼ਕ ਦੇ,
ਮੁੱਢ ਤੋਂ ਹੀ ਹਿੱਸੇ ਆਇਆ ਏ।
ਜਦ ਮਿਲਦੇ ਪਿਆਰੇ ਪਿਆਰੇ ਨੂੰ,
ਫਿਰ ਕਿਥੇ ਸਮਾਂ ਵਿਚਾਰਾਂ ਦਾ।

ਹਰ ਵਕਤ ਹੀ ਸੂਰਤ ਸਾਜਨ ਦੀ,
ਮਨ-ਮੰਦਿਰ ਅੰਦਰ ਵਸਦੀ ਏ।
ਇਹ ਨੇੜ ਅਸਾਡੇ ਮੰਜ਼ਲ ਜੋ,
ਇਹ ਰਾਹ ਪਿਆਰ ਖ਼ੁਮਾਰਾਂ ਦਾ।

ਪਿਆਰੇ ਦੀ ਖ਼ਾਤਰ ਖੋ ਜਾਣਾ,
ਤੇ ਖੋ ਕੇ ਉਸ ਨੂੰ ਪਾਈ ਦਾ।
ਇਹ ਜੰਗ ਨਹੀਂ ਐਟਮ ਬੰਬਾਂ ਦੀ,
ਇਹ ਦਾਓ ਨਹੀਂ ਤਲਵਾਰਾਂ ਦਾ।

ਉਹ 'ਪੰਛੀ' ਬੜੇ ਉਡਾਰ ਸੀ,
ਜੋ ਮਾਰ ਉਡਾਰੀ ਦੂਰ ਗਏ।
ਤੇ ਜਾਂਦੇ ਜਾਂਦੇ ਆਖ ਗਏ,
ਨਹੀਂ ਟਿਕਦਾ ਕੰਮ ਉਡਾਰਾਂ ਦਾ।

—0—

ਜੀਵਨ ਨੂੰ ਹੱਸ ਕੇ ਮਾਨਣ ਦੇ,
ਵਿਚਾਰ ਬਣਾਈ ਬੈਠਾ ਹਾਂ।
ਪਲਕਾਂ ਵਿਚ ਭਾਵੇਂ ਹੰਝੂਆਂ ਦੇ,
ਪਰਵਾਰ ਲੁਕਾਈ ਬੈਠਾ ਹਾਂ।

ਜੀਵਨ ਦੀ ਹਰ ਇਕ ਔਕੜ ਚੋਂ,
ਮੈਂ ਚੋਗਾ ਚੁਗਿਆ ਮਸਤੀ ਦਾ,
ਮਸਤੀ ਦੇ ਮਧੁਰ ਕਲਾਵੇ ਵਿਚ,
ਸਭ ਜਗਤ ਭੁਲਾਈ ਬੈਠਾ ਹਾਂ।

ਮੈਂ ਚਾਰ ਕੁ ਦਿਨ ਦਾ ਦੁੱਖ ਭਰਿਆ,
ਇਹ ਜੀਵਨ ਮੰਗ ਕੇ ਪਾਇਆ ਸੀ,
ਪਰ ਮੌਤ ਦੇ ਦਿਨ ਤੋਂ ਪਹਿਲਾਂ ਹੀ,
ਮੈਂ ਉਮਰ ਹੰਢਾਈ ਬੈਠਾ ਹਾਂ।

ਕਿਉਂ ਕੋਈ ਕਿਸੇ ਦੇ ਪੰਜੇ ਵਿਚ,
ਫਸ ਕੇ, ਜਿੰਦੜੀ ਤੜਫਾਵੇ?
ਹਰ ਪਿਆਰ ਅਦਾਲਤ ਵਿਚ ਮੌਲੇ,
ਇਹ ਦੋਸ਼ ਦੁਹਾਈ ਬੈਠਾ ਹਾਂ।

ਇਉਂ ਹਾਰ ਕੇ ਸਭ ਕੁਝ ਜੀਵਨ ਦਾ,
ਸੋਚਣ ਦੀ ਸ਼ਕਤੀ ਉਲਝ ਗਈ।
ਮੈਂ ਉਸ ਦੇ ਦਰਸ਼ਨ ਕਰਨੇ ਦੀ,
ਤਾਰੀਕ ਲੰਘਾਈ ਬੈਠਾ ਹਾਂ।

ਇਕ ਸੋਹਣਾ ਮੁਖੜਾ ਤੱਕਿਆ ਸੀ,
ਮੈਂ ਉਸ ਤੋਂ ਹੀ ਬਲਿਹਾਰ ਗਿਆ,
ਉਸ ਸੋਹਣੀ ਜਿੰਦੂ ਵਾਲੇ ਨੂੰ,
ਵਿਚ ਯਾਦ ਛੁਪਾਈ ਬੈਠਾ ਹਾਂ।

ਮੈਂ ਅੱਖੀਆਂ ਚੁੱਕ ਚੁੱਕ ਵੇਖ ਰਿਹਾ,
ਉਹਦੇ ਆਵਣ ਦਾ ਵਿਸ਼ਵਾਸ ਬੜਾ,
ਉਹ 'ਪੰਛੀ' ਮੁੜ ਕੇ ਨਾ ਆਏ,
ਜੋ ਆਪ ਉਡਾਈ ਬੈਠਾ ਹਾਂ।

ਨਵੀਂ ਆਬਾਦੀ ਮਲੇਰਕੋਟਲਾ



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਡੀ. ਆਰ ਧਵਨ

## (੧)

ਇਸ ਤਰ੍ਹਾਂ ਫਿਰਦਾ ਹੈ ਆਵਾਰਾ ਜਿਹਾ ਕਿਸਦਾ ਲਹੂ।
ਰੰਗ ਤੋਂ ਤਾਂ ਜਾਪਦੈ, ਹੋਵੇ ਜਿਵੇਂ ਮੇਰਾ ਲਹੂ।

ਆਪਣੇ ਆਪਣੇ ਹੀ ਲਹੂ ਤੇ ਹਰ ਕਿਸੇ ਨੂੰ ਸੀ ਯਕੀਨ;
ਇਹ ਮਗਰ ਕਿੰਦਾਂ ਦਾ ਹੈ ਬੇਗਾਨਿਆਂ ਵਰਗਾ ਲਹੂ।

ਸੋਚੀਏ ਸਾਡੇ ਲਹੂ ਵਿਚ ਫੁੱਟ ਜਿਸਨੇ ਪਾਈ ਹੈ;
ਪਾਣੀਓਂ ਪਤਲਾ ਨ ਸੀ ਤੇਰਾ ਲਹੂ ਮੇਰਾ ਲਹੂ।

ਜੇ ਕਿਤੇ ਪਹਿਚਾਣ ਕਰਨੀ ਹੈ ਲਹੂ ਦੀ, ਤਾਂ ਜ਼ਰੂਰ;
ਵੇਖਣਾ, ਮੁਸ਼ਕਲ 'ਚ ਕੰਮ ਆਉਂਦਾ ਹੈ ਕਿਸ ਕਿਸ ਦਾ ਲਹੂ।

ਫਿਰ 'ਧਵਨ' ਲਭਦੇ ਫਿਰੋਗੇ ਇਸ ਲਹੂ ਨੂੰ ਥਾਂ ਕੁ ਥਾਂ;
ਵਕਤ ਹੈ ਹਾਲੇ ਵੀ ਨਾ ਜ਼ਾਇਆ ਕਰੋ ਆਪਣਾ ਲਹੂ।

## (੨)

ਦੁਨੀਆ ਬਗ਼ੈਰ ਤੇਰੇ ਵੀਰਾਨ ਲਗ ਰਹੀ ਹੈ।
ਆਬਾਦ ਜ਼ਿੰਦਗੀ ਵੀ ਸੁਨਸਾਨ ਲਗ ਰਹੀ ਹੈ।

ਮੰਝਧਾਰ ਵਿਚ ਫਸੇ ਹਾਂ ਅਜ ਹੋ ਕੇ ਬੇਸਹਾਰਾ;
ਹੁਣ ਤਾਂ ਲਹਿਰ ਲਹਿਰ ਵੀ ਤੂਫ਼ਾਨ ਲਗ ਰਹੀ ਹੈ।

ਅਰਮਾਨ ਮੁੱਕ ਗਏ ਨੇ ਬੀਮਾਰ ਹੋਈ ਚਾਹਤ;
ਅਜ ਕਲ੍ਹ ਤਾਂ ਚਾਨਣੀ ਵੀ ਬੇਜਾਨ ਲਗ ਰਹੀ ਹੈ।

ਇਹ ਉਮਰ ਮੈਂ ਗੁਜ਼ਾਰੀ ਤੇਰਾ ਇੰਤਜ਼ਾਰ ਕਰਕੇ;
ਹੁਣ ਜ਼ਿੰਦਗੀ ਦਿਨਾਂ ਦੀ ਮਹਿਮਾਨ ਲਗ ਰਹੀ ਹੈ।

ਬੇਸ਼ੱਕ 'ਧਵਨ' ਚੁਫੇਰੇ ਮੌਸਮ ਬਹਾਰ ਦਾ ਹੈ;
ਫਿਰ ਵੀ ਕਲੀ-ਕਲੀ ਕਿਉਂ ਹੈਰਾਨ ਲਗ ਰਹੀ ਹੈ।

# ਗ਼ਜ਼ਲ

—ਮਹਿੰਦਰ ਭੱਟੀ

ਦੇਸ਼ ਪੀਰਾਂ ਦੇ ਫੇਰ ਮਨੁੱਖਤਾ ਮੋਈ ਹੈ।
ਬੰਦੇ ਹੱਥੋਂ ਬੰਦੇ ਦੀ ਰੱਤ ਚੋਈ ਹੈ।

ਮੁੱਕਿਆ ਨਾ ਸੀ "ਨਾਦਰ-ਅੱਗ" ਦਾ ਸੋਗ ਅਜੇ,
ਦਿੱਲੀ ਫਿਰ ਅੱਜ ਅੱਗੋ-ਅੱਗ ਪਈ ਹੋਈ ਹੈ।

ਘਰ ਲੁੱਟੇ ਤੇ ਜ਼ਿੰਦਾ ਬੰਦੇ ਸਾੜੇ ਨੇ,
ਧਰਤੀ ਮਾਂ ਵੀ ਰੱਤ ਦੇ ਹੰਝੂ ਰੋਈ ਹੈ।

ਮੂਕ ਜ਼ਮਾਨਾ "ਮਾਂਝੀ" ਦੀ ਅੱਜ ਵੇਂਹਦੇ ਰਏ,
ਤੇ "ਚੱਪੂਆਂ" ਨੇ ਬੇੜੀ ਮੰਝ ਡਬੋਈ ਹੈ।

ਇਕ ਬੰਨੇ ਪਟਰੋਲ 'ਚ ਦਿੱਲੀ ਸੜਦੀ ਰਹੀ,
ਦੂਜੇ ਪਾਸੇ ਚੰਦਨ ਦੀ ਖੁਸ਼ਬੋਈ ਹੈ।

ਕਿਸ ਤੇ ਕਰੀਏ ਗਿਲਾ ਤੇ ਕਿਸਨੂੰ ਜਾ ਰੋਵੀਏ ?
ਹਮ-ਵਤਨਾਂ ਦੀ ਕੀਤੀ ਅਜ ਅਣਹੋਣੀ ਹੈ।

ਮਰਿਆਂ ਵਾਂਗੂੰ ਉੱਜੜੇ ਲੋਕੀ ਫਿਰਦੇ ਨੇ,
"ਰੱਬ ਦੇ ਭਾਣੇ" ਦੀ ਹੀ ਬਸ ਦਿਲਜੋਈ ਹੈ।

ਰੋਵਣਗੇ ਤਾਂ ਕਿਸ ਦੇ ਕੰਧੇ ਰੋਵਣਗੇ !
ਆਪਣਿਆਂ ਦੀ ਤਾਂ ਮੌਤ ਸਾਹਮਣੇ ਹੋਈ ਹੈ।

ਖ਼ੌਰੇ ਕਦ ਨੂੰ ਧੁਖ ਧੁਖ ਰੰਗ ਚੜ੍ਹਾ ਦੇਵੇ,
ਸ਼ਹਿਰ ਮੇਰੇ ਦੇ ਦਿਲ ਵਿਚ ਅੱਗ ਸਮੋਈ ਹੈ।



Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 50 9/3
Resi : 536093

## BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

ਮਹਾਂ ਭਾਰਤ ਚੋਂ

# ਅਸ਼ਟਾਵਕ੍ਰ

ਮਹਾਂਰਿਸ਼ੀ ਓਦਾਲਕ ਵੇਦਾਂਤ ਦਾ ਪ੍ਰਚਾਰ ਕਰਨ ਵਾਲੇ ਮਹਾਤਮਾਵਾਂ ਵਿਚੋਂ ਸ੍ਰੇਸ਼ਠ ਮੰਨੇ ਜਾਂਦੇ ਸਨ। ਉਹਨਾਂ ਦੇ ਸਿਖਾਂ ਵਿਚੋਂ ਕੋਹੜ ਵੀ ਇਕ ਸਨ। ਕੋਹੜ ਗੁਰੂ ਦੀ ਬਹੁਤ ਟਹਿਲ ਸੇਵਾ ਕਰਦੇ ਅਤੇ ਬਹੁਤ ਸੰਜਮੀ ਸਨ ਪਰ ਲਿਖਣ ਪੜ੍ਹਣ ਵਿਚ ਤੇਜ਼ ਨਹੀਂ ਸਨ ਇਸੇ ਕਾਰਨ ਓਦਾਲਕ ਦੇ ਦੂਸਰੇ ਸਿਖ ਕੋਹੜ ਦਾ ਹਾਸਾ ਉਡਾਉਂਦੇ। ਫਿਰ ਵੀ ਓਦਾਲਕ ਨੇ ਕੋਹੜ ਦੇ ਸ਼ੀਲ ਸੁਭਾਅ ਅਤੇ ਸੰਜਮ ਤੋਂ ਖੁਸ਼ ਹੋ ਕੇ ਆਪਣੀ ਕੰਨਿਆਂ ਸੁਜਾਤਾ ਉਹਨਾਂ ਨੂੰ ਵਿਆਹ ਦਿਤੀ।

ਕੋਹੜ ਤੇ ਸੁਜਾਤਾ ਨੂੰ ਇਕ ਪੁਤਰ ਹੋਇਆ। ਕਹਿੰਦੇ ਹਨ ਕਿ ਜਦੋਂ ਉਹ ਗਰਭ ਵਿਚ ਸੀ ਉਦੋਂ ਹੀ ਉਹਨੂੰ ਸਾਰੇ ਵੇਦ ਆਉਂਦੇ ਸਨ। ਪਰ ਪਿਤਾ ਕੋਹੜ ਤਾਂ ਵਿਦਵਾਨ ਨਹੀਂ ਸਨ। ਵੇਦ ਮੰਤਰਾਂ ਦਾ ਨਾ ਤਾਂ ਠੀਕ ਠੀਕ ਉਚਾਰਨ ਕਰ ਸਕਦੇ ਸਨ ਨਾ ਹੀ ਸੁਰ ਨਾਲ ਗਾ ਸਕਦੇ ਸਨ। ਇਸ ਕਾਰਨ ਉਹਨਾਂ ਦਾ ਗਲਤ-ਮਲਤ ਵੇਦ ਪਾਠ ਗਰਭ ਵਿਚਲੇ ਬਾਲਕ ਵਾਸਤੇ ਅਸਹਿ ਹੋ ਉਠਿਆ ਅਤੇ ਉਹ ਉਥੇ ਟੇਢਾ ਮੇਢਾ ਹੋ ਗਿਆ। ਟੇਢੇ ਮੇਢੇ ਸਰੀਰ ਕਰ ਕੇ ਉਸ ਦਾ ਨਾਮ ਅਸ਼ਟਾਵਕ੍ਰ ਪੈ ਗਿਆ।

ਅਸ਼ਟਾਵਕ੍ਰ ਨੇ ਬਾਲਪਨ ਵਿਚ ਹੀ ਬਹੁਤ ਵਿਦਵਤਾ ਦਾ ਪਰੀਚੈ ਦਿਤਾ। ਜਦੋਂ ਉਹ ਬਾਰਾਂ ਸਾਲਾਂ ਦੇ ਸਨ ਤਦੋਂ ਤੋਂ ਉਹ ਵੇਦਾਂਗਾਂ ਦਾ ਅਧਿਅਨ ਪੂਰਾ ਕਰ ਚੁਕੇ ਸਨ।

ਇਕ ਵਾਰ ਅਸ਼ਟਾਵਕ੍ਰ ਨੇ ਸੁਣਿਆ ਕਿ ਮਿਥਲਾ ਵਿਚ ਰਾਜਾ ਜਨਕ ਇਕ ਭਾਰੀ ਜੱਗ ਕਰ ਰਹੇ ਸਨ, ਜਿਸ ਵਿਚ ਵੱਡੇ ਵੱਡੇ ਪੰਡਤਾਂ ਦਾ ਸ਼ਾਸਤਰਾਰਥ ਹੋਣ ਵਾਲਾ ਹੈ। ਇਹ ਸੁਣ ਕੇ ਅਸ਼ਟਾਵਕ੍ਰ ਤੁਰੰਤ ਆਪਣੇ ਭਾਣਜੇ ਸ਼ੇਤਕੇਤੂ ਨੂੰ ਵੀ ਨਾਲ ਲੈ ਕੇ ਜੱਗ ਵਾਸਤੇ ਚਲ ਪਏ।

ਮਿਥਲਾ ਨਗਰੀ ਵਿਚ ਪਹੁੰਚ ਕੇ ਉਹ ਯਗਸ਼ਾਲਾ ਵਲ ਜਾ ਰਹੇ ਸਨ ਕਿ ਸੜਕ ਤੇ ਰਾਜਾ ਜਨਕ ਪਰਿਵਾਰ ਨਾਲ ਜਾਂਦੇ ਹੋਏ ਦਿਖਾਈ ਦਿਤੇ। ਰਾਜਾ ਸੇਵਕ ਅਗੇ ਅਗੇ ਕਹਿੰਦੇ ਜਾ ਰਹੇ ਸਨ।

"ਰਾਜਾ ਧਿਰਾਜ ਜਨਕ ਆ ਰਹੇ ਹਨ। ਹੱਟ ਜਾਓ ਰਸਤਾ ਦਿਓ, ਰਸਤਾ ਦਿਓ।"

ਅਸ਼ਟਾਵਕ੍ਰ ਨੂੰ ਜਦ ਨੌਕਰਾਂ ਨੇ ਰਸਤੇ ਚੋਂ ਹਟਣ ਵਾਸਤੇ ਕਿਹਾ ਤਾਂ ਉਹਨਾਂ ਉਤਰ ਦਿਤਾ।

"ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਅੰਨ੍ਹੇ, ਅਪਾਹਜ, ਔਰਤਾਂ ਅਤੇ ਭਾਰ ਉਠਾਣ ਵਾਲੇ ਜਦੋਂ ਆ ਰਹੇ ਹੋਣ ਤਾਂ ਖੁਦ ਰਾਜਾ ਨੂੰ ਉਹਨਾਂ ਵਾਸਤੇ ਰਸਤਾ ਦੇਣਾ ਚਾਹੀਦਾ ਹੈ। ਅਤੇ ਜੇ ਵੇਦ ਪੜ੍ਹੇ ਹੋਏ ਬ੍ਰਾਹਮਣ ਜਾ ਰਹੇ ਹੋਣ ਤਾਂ ਰਾਜਾ ਉਹਨਾਂ ਨੂੰ ਰਸਤੇ ਵਿਚੋਂ ਹਟਣ ਦੇ ਵਾਸਤੇ ਨਹੀਂ ਕਹਿ ਸਕਦਾ। ਸਮਝੇ ?

ਬਾਲਕ ਦੀਆਂ ਗੰਭੀਰ ਗੱਲਾਂ ਸੁਣ ਕੇ ਰਾਜਰਿਸ਼ੀ ਜਨਕ ਹੈਰਾਨ ਰਹਿ ਗਏ। ਉਹ ਬੋਲੇ—ਬ੍ਰਾਹਮਣ ਪੁਤਰ ਠੀਕ ਕਹਿੰਦੇ ਹਨ। ਅੱਗ ਦੇ ਅਗੇ ਛੋਟੇ ਵਡੇ ਦਾ ਫਰਕ ਨਹੀਂ ਹੁੰਦਾ। ਅੱਗ ਦੀ ਜ਼ਰਾ ਜਿੰਨੀ ਚਿੰਗਾਰੀ ਵੀ ਸਾਰੇ ਜੰਗਲ ਨੂੰ ਫੂਕ ਸਕਦੀ ਹੈ। ਇਸ ਵਾਸਤੇ ਹੱਟ ਜਾਓ। ਬ੍ਰਾਹਮਣ ਪੁਤਰ ਨੂੰ ਰਸਤਾ ਦਿਓ।" ਇਹ ਕਹਿ ਕੇ ਰਾਜਾ ਜਨਕ ਨੇ ਆਪਣੇ ਪਰਿਵਾਰ ਸਹਿਤ ਹਟ ਕੇ ਅਸ਼ਟਾਵਕ੍ਰ ਨੂੰ ਰਸਤਾ ਦੇ ਦਿੱਤਾ।

ਅਸ਼ਟਾਵਕ੍ਰ ਅਤੇ ਸ਼ਵੇਤਕੇਤੂ ਯਗਸ਼ਾਲਾ ਵਿਚ ਪਰਵੇਸ਼ ਕਰਨ ਲਗੇ।

"ਏਥੇ ਬਾਲਕਾਂ ਦਾ ਕੀ ਕੰਮ ਹੈ ? ਵੇਦ ਪੜ੍ਹੇ ਹੋਏ ਲੋਕ ਹੀ ਇਸ ਯਗਸ਼ਾਲਾ ਵਿਚ ਜਾ ਸਕਦੇ ਹਨ। ਦਰਵਾਜ਼ਪਾਲ ਨੇ ਇਹ ਕਹਿ ਕੇ ਬਾਲਕਾਂ ਨੂੰ ਰੋਕਿਆ। ਅਸ਼ਟਾਵਕ੍ਰ ਨੇ ਉਤਰ ਦਿਤਾ: "ਅਸੀਂ ਨਿਆਣੇ ਨਹੀਂ ਹਾਂ। ਦੀਖਿਆ ਲੈ ਕੇ ਵੇਦ ਸਿਖ ਚੁਕੇ ਹਾਂ। ਜੋ ਵੇਦਾਂਤ ਦਾ ਗਿਆਨ ਪ੍ਰਾਪਤ ਕਰ ਚੁਕੇ ਹੋਣ ਉਹਨਾਂ ਦੀ ਆਯੂ ਜਾਂ ਬਾਹਰੀ ਸ਼ਕਲ ਸੂਰਤ ਵੇਖ ਕੇ ਕੋਈ ਉਹਨਾਂ ਨੂੰ ਬਾਲਕ ਨਹੀਂ ਗਿਣ ਸਕਦਾ। ਇਹ ਕਹਿ ਕੇ ਅਸ਼ਟਾਵਕ੍ਰ ਯਗਸ਼ਾਲਾ ਵਿਚ ਜਾਣ ਲਗਾ।

ਦਰਵਾਜ਼ਪਾਲ ਨੇ ਡਾਂਟ ਕੇ ਕਿਹਾ—"ਠਹਿਰ ਅਜੇ ਤੁਸੀਂ ਬੱਚੇ ਹੋ। ਆਪਣੇ ਮੂੰਹ ਵਡੇ ਨਾ ਬਣੋ। ਉਪਨਿਸ਼ਦਾਂ ਦਾ ਗਿਆਨ ਅਤੇ ਵੇਦਾਂਤ ਦੇ ਤੱਤ ਜਾਨਣਾ ਐਸਾ ਵੈਸਾ ਕੰਮ ਨਹੀਂ ਤੁਸਾਂ ਇਹਨੂੰ ਬਚਿਆਂ ਦੀ ਖੇਡ ਸਮਝ ਰਖਿਆ ਹੈ ?

ਅਸ਼ਟਾਵਕ੍ਰ ਨੇ ਕਿਹਾ: "ਦੇਖੋ ਭਰਾਵੋ! ਸੇਮਰ ਦੇ ਫਲ ਵਾਂਗ ਉਪਰ ਤੋਂ ਮੋਟਾ ਤਾਜ਼ਾ ਅਤੇ ਅੰਦਰ ਹਲਕੇ ਰੂੰ ਨਾਲ ਭਰਿਆ ਹੋਣਾ ਕਿਸ ਕੰਮ ਦਾ। ਸਰੀਰ ਦੀ ਬਨਾਵਟ ਤੋਂ ਕੱਦ ਅਤੇ ਗਿਆਨ ਦਾ ਅੰਦਾਜ਼ਾ ਨਹੀਂ ਕੀਤਾ ਜਾਂਦਾ।



Sri Satguru Jagjit Singh Ji eLibrary NamdhariElibrary@gmail.com

ਵੱਡਾ ਉਹ ਨਹੀਂ ਜਿਹੜਾ ਕੱਦ ਦਾ ਲੰਮਾ ਹੋਵੇ। ਲੰਮੇ ਕਦ ਦਾ ਨਾ ਹੋਣ ਤੇ ਵੀ ਜੇ ਕਿਸੇ ਵਿਚ ਗਿਆਨ ਹੋਵੇ ਤਾਂ ਸ਼ਾਸਤਰਾਂ ਵਿਚ ਉਸਨੂੰ ਵੱਡਾ ਮੰਨਿਆ ਗਿਆ ਹੈ। ਜਿਸ ਵਿਚ ਗਿਆਨ ਦਾ ਅਭਾਵ ਹੈ ਉਹ ਉਮਰ ਦਾ ਭਾਵੇਂ ਬੁਢਾ ਹੀ ਕਿਉਂ ਨਾ ਹੋਵੇ, ਬਾਲਕ ਹੀ ਸਮਝਿਆ ਜਾਂਦਾ ਹੈ। ਇਸ ਵਾਸਤੇ ਬਾਲਕ ਮੰਨ ਕੇ ਮੈਨੂੰ ਨਾ ਰੋਕੋ।"

ਦਵਾਰਪਾਲ ਨੇ ਫਿਰ ਕਿਹਾ, "ਤੁਸੀਂ ਬਾਲਕ ਹੋ ਕੇ ਵਡਿਆਂ ਵਰਗੀਆਂ ਗਲਾਂ ਨਾ ਕਰੋ। ਛੋਟੇ ਮੂੰਹ ਵੱਡੀ ਗੱਲ ਕਰਨਾ ਠੀਕ ਨਹੀਂ। ਕਿਉਂ ਬੇਅਰਥ ਹੀ ਬਹਿਸ ਕਰਦੇ ਹੋ।

ਅਸ਼ਟਾਵਕ੍ਰ ਨੇ ਸਮਝਾ ਕੇ ਕਿਹਾ—"ਭਾਈ ਦਵਾਰਪਾਲ। ਵਾਲਾਂ ਦਾ ਪੱਕ ਜਾਣਾ ਉਮਰ ਦੇ ਪੱਕੇ ਹੋਣ ਦੀ ਨਿਸ਼ਾਨੀ ਨਹੀਂ ਹੈ। ਕਿਸੇ ਰਿਸ਼ੀ ਨੇ ਇਹ ਨਹੀਂ ਕਿਹਾ ਕਿ ਬੁਢੀ ਉਮਰ, ਪੱਕੇ ਵਾਲ, ਧਨ ਦੌਲਤ ਦੋਸਤ ਮਿਤਰਾਂ ਦੀ ਭੀੜ ਦੇ ਹੋਣ ਨਾਲ ਹੀ ਕੋਈ ਵੱਡਾ ਬਣ ਜਾਂਦਾ ਹੈ। ਵੱਡਾ ਉਹ ਹੀ ਹੁੰਦਾ ਜੋ ਵੇਦ ਵੇਦਾਂਗਾਂ ਦਾ ਡੂੰਘਾ ਅਧਿਅਨ ਕਰਕੇ ਉਸਦਾ ਅਰਥ ਠੀਕ ਤਰ੍ਹਾਂ ਸਮਝਿਆ ਹੋਵੇ। ਮੈਂ ਇਥੇ ਇਸੇ ਉਦੇਸ਼ ਨਾਲ ਆਇਆ ਹਾਂ ਕਿ ਮਹਾਰਾਜਾ ਦੀ ਸਭਾ ਵਿਚ ਵਿਦਵਾਨਾਂ ਨਾਲ ਮਿਲ ਕੇ ਕੁਝ ਗਲਾਂ ਕਰਾਂ। ਜਾਓ, ਮਹਾਰਾਜਾ ਜਨਕ ਨੂੰ ਮੇਰੇ ਆਉਣ ਦੀ ਖਬਰ ਦਿਓ ਅਤੇ ਕਹੋ ਕਿ ਮੁਨੀ ਅਸ਼ਟਾਵਕ੍ਰ ਆਏ ਹਨ।"

ਦਵਾਰਪਾਲ ਨਾਲ ਇਸ ਤਰ੍ਹਾਂ ਚਰਚਾ ਹੋ ਰਹੀ ਸੀ ਕਿ ਮਹਾਰਾਜ ਜਨਕ ਉਥੇ ਆ ਪਹੁੰਚੇ। ਦਵਾਰਪਾਲ ਨੇ ਬਾਲਕ ਦੀ ਜ਼ਿੱਦ ਦੀ ਰਾਜਾ ਨੂੰ ਖਬਰ ਦਿਤੀ। ਜਨਕ ਨੇ ਅਸ਼ਟਾਵਕ੍ਰ ਨੂੰ ਵੇਖ ਕੇ ਹੀ ਪਹਿਚਾਣ ਲਿਆ ਕਿ ਇਹ ਤਾਂ ਉਹ ਹੀ ਬ੍ਰਾਹਮਣ ਬਾਲਕ ਹੈ ਜਿਸ ਨਾਲ ਸੜਕ ਤੇ ਮੁਲਾਕਾਤ ਹੋਈ ਸੀ।

ਉਹ ਬੋਲੇ: "ਬਾਬਾ ਜੀ, ਮੇਰੀ ਸਭਾ ਦੇ ਵਿਦਵਾਨ ਬੜੇ ਬੜੇ ਪੰਡਿਤਾਂ ਨੂੰ ਸ਼ਾਸਤਰਾਰਥ ਵਿਚ ਹਰਾ ਚੁਕੇ ਹਨ। ਤੁਸੀਂ ਤਾਂ ਅਜੇ ਬੱਚੇ ਹੋ। ਤੁਸੀਂ ਇਹ ਹੱਠ ਕਿਉਂ ਕਰ ਰਹੇ ਹੋ?

ਅਸ਼ਟਾਵਕ੍ਰ ਨੇ ਉਤਰ ਦਿਤਾ—"ਤੁਹਾਡੀ ਸਭਾ ਦੇ ਵਿਦਵਾਨਾਂ ਨੇ ਸ਼ਾਇਦ ਕੁਝ ਨਾਮਧਰੀਕ ਪੰਡਿਤਾਂ ਨੂੰ ਹਰਾਇਆ ਹੋਵੇਗਾ ਅਤੇ ਏਸੇ ਦਾ ਉਹਨਾਂ ਨੂੰ ਘੁਮੰਡ ਹੋ ਗਿਆ ਲਗਦਾ ਹੈ। ਮੈਂ ਤਾਂ ਇਹ ਤਦ ਸਾਨੂੰ ਮੰਨਾਂਗਾ ਜਦੋਂ ਮੇਰੇ ਵਰਗੇ ਵੇਦਾਂਤ ਦੇ ਪਹੁੰਚੇ ਹੋਏ ਵਿਦਵਾਨ ਨੂੰ ਸ਼ਾਸਤਰਾਰਥ ਵਿਚ ਹਰਾਉਣ। ਆਪਣੀ ਮਾਤਾ ਕੋਲੋਂ ਮੈਂ ਸੁਣਿਆ ਸੀ ਕਿ ਮੇਰੇ ਪਿਤਾ ਜੀ ਨੂੰ ਆਪਦੇ ਵਿਦਵਾਨਾਂ ਨੇ ਸ਼ਾਸਤਰਾਰਥ ਵਿਚ ਹਰਾ ਕੇ ਸਮੁੰਦਰ ਵਿਚ ਡਬੋਇਆ ਸੀ। ਮੈਂ ਉਸੇ ਦਾ ਬਦਲਾ ਚੁਕਾਉਣ ਆਇਆ ਹਾਂ। ਤੁਸੀਂ ਭਰੋਸਾ ਰਖਣਾ ਕਿ ਮੈਂ ਤੁਹਾਡੇ ਵਿਦਵਾਨਾਂ ਨੂੰ ਹਰਾ ਦਿਆਂਗਾ। ਮੇਰੇ ਸ਼ਾਸਤਰਾਰਥ ਵਿਚ ਹਾਰ ਖਾ ਕੇ ਉਹ ਉਵੇਂ ਉਲਟ ਜਾਣਗੇ ਜਿਵੇਂ ਤੇਜ਼ ਦੌੜਨ ਵਾਲੀ ਗੱਡੀ, ਧੁਰੀ ਦੇ ਟੁਟ ਜਾਣ ਤੇ ਉਲਟ ਜਾਂਦੀ ਹੈ। ਸੋ ਆਪ ਆਪਣੇ ਵਿਦਵਾਨਾਂ ਨਾਲ ਮੈਨੂੰ ਭੇਟ ਵਾਰਤਾ ਕਰਨ ਦੀ ਕ੍ਰਿਪਾ ਕਰੋ।

ਮਿਥਲਾ ਨਰੇਸ਼ ਦੇ ਮਸ਼ਹੂਰ ਪੰਡਿਤ ਅਤੇ ਬਾਲਕ ਅਸ਼ਟਾਵਕ੍ਰ ਵਿਚ ਸ਼ਾਸਤਰਾਰਥ ਸ਼ੁਰੂ ਹੋਇਆ। ਦੋਹਾਂ ਪਾਸਿਆਂ ਤੋਂ ਪ੍ਰਸ਼ਨਾਂ ਉਤਰਾਂ ਦੀ ਵਾਛੜ ਜਿਹੀ ਹੋਣ ਲੱਗੀ। ਅੰਤ ਵਿਚ ਸਭਾ ਦੇ ਸਿਆਣਿਆਂ ਨੂੰ ਮੰਨਣਾ ਪਿਆ ਕਿ ਅਸ਼ਟਾਵਕ੍ਰ ਦੀ ਜਿਤ ਹੋਈ ਹੈ। ਮਿਥਲਾ ਨਗਰ ਦੇ ਵਿਦਵਾਨਾਂ ਨੇ ਲੱਜਾ ਵਿਚ ਸਿਰ ਝੁਕਾ ਦਿਤਾ। ਸ਼ਰਤ ਦੇ ਅਨੁਸਾਰ ਉਹਨਾਂ ਨੂੰ ਸਮੰਦਰ ਵਿਚ ਡਬੋ ਦਿਤਾ ਗਿਆ।

ਅਸ਼ਟਾਵਕ੍ਰ ਦੇ ਸੁਰਗਵਾਸੀ ਪਿਤਾ ਦੀ ਆਤਮਾ ਆਪਣੇ ਪੁਤਰ ਦੀ ਪਰਸੰਸਾ ਨੂੰ ਸੁਣ ਕੇ ਆਨੰਦਿਤ ਹੋ ਉਠੀ। ਉਸ ਦੇ ਮੂੰਹ ਚੋਂ (ਉਦਗਾਰ) ਨਿਕਲ ਪਏ।

"ਇਹ ਕੋਈ ਨਿਯਮ ਨਹੀਂ ਕਿ ਪੁਤਰ ਪਿਤਾ ਹੀ ਹੋ ਜਾਵੇ ਹੋ ਸਕਦਾ ਹੈ ਕਿ ਕਮਜ਼ੋਰ ਪਿਤਾ ਦੇ ਘਰ ਬਲਵਾਨ ਅਤੇ ਮੰਦਮਤ ਦੇ ਘਰ ਵਿਦਵਾਨ ਪੁਤਰ ਹੋਵੇ। ਕਿਸੇ ਦੀ ਸ਼ਕਲ ਸੂਰਤ ਜਾਂ ਉਮਰ ਨੂੰ ਵੇਖ ਕੇ ਉਹਦੀ ਮਹਾਨਤਾ ਦਾ ਨਿਰਣਾ ਕਰਨਾ ਠੀਕ ਨਹੀਂ। ਬਾਹਰੀ ਰੰਗ ਰੂਪ ਅਕਸਰ ਲੋਕਾਂ ਨੂੰ ਧੋਖੇ ਵਿਚ ਪਾਉਂਦਾ ਹੈ।

## ਪਾਠਕ ਵੀਰੋ

## ਕੀ ਤੁਸਾਂ ਵਰਿਆਮ ਦਾ ਚੰਦਾ ਭੇਜ ਦਿਤਾ ਹੈ?


Sri Satguru Jagjit Singh Ji eLibrary NamdhariElibrary@gmail.com

# ਦਿਲੀ ਦਾ ਹੋਲਾ...੨

## ਦੂਸਰਾ ਦਿਨ

੯ ਮਾਰਚ ਦੀ ਸ਼ੁਰੂਆਤ ਸਦਾ ਵਾਂਗ ਹੀ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ। ਉਵੇਂ ਹੀ ਸ਼ਬਦ ਛੱਕੇ ਸਲੋਕ ਪਉੜੀਆਂ ਦਾ ਉਚਾਰਨ ਸੀ। ਰਾਗ ਰਾਗਣੀਆਂ ਵੱਖ ਵੱਖ ਸ਼ੈਲੀਆਂ, ਵੱਖ ਵੱਖ ਰੂਪਾਂ ਅਤੇ ਕਈ ਕਈ ਸਾਜ਼ਾਂ ਦੀ ਸੰਗਤ ਇਕੋ ਹੀ ਸੂਤਰ ਵਿਚ ਪਰੋਈ ਜਾ ਰਹੀ ਸਨ। ਇਸ ਸੁਰ-ਸ਼ਬਦ ਦੀ ਗੰਗਾ ਦਾ ਪਰਵਾਹ ਨਿਰੰਤਰ ਚਲਦਾ ਅਤੇ ਸਰੋਤਾ ਦਰਸ਼ਕ ਇਸ ਦੁਨੀਆ ਨੂੰ ਭੁਲ ਜਾਂਦਾ। ਸ਼ਾਇਦ ਇਹੋ ਜਿਹੇ ਵਾਤਾਵਰਨ ਨੂੰ ਵੇਖ ਕੇ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਸੀ :

ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ
ਲਖ ਲਖ ਸਸੀਅਰ ਭਾਨੁ ਕਿਰਨ ਠਰੂਰ ਹੈ
ਲਖ ਲਖ ਬੇਦ ਪੁਰਾਣਿ, ਕੀਰਤਨ ਚੂਰ ਹੈ
ਭਗਤਿ ਵਛਲ ਪਰਵਾਣੁ ਚਰਨਾ ਧੂਰ ਹੈ

ਅੱਜ ਦੇ ਹੋਲੇ ਦੇ ਦੀਵਾਨਾਂ ਵਿਚ ਜਥੇਦਾਰ ਧਰਮ ਸਿੰਘ ਦਿੱਲੀ ਤੋਂ ਸ਼ੁਰੂ ਹੋ ਕੇ ਜਥੇਦਾਰ ਅਜੀਤ ਸਿੰਘ ਬਟਾਲਾ ਜਥੇਦਾਰ ਪ੍ਰੀਤਮ ਸਿੰਘ ਪਤਨੀ ਅਤੇ ਅੰਤ ਵਿਚ ਪੰਡਿਤ ਗੋਪਾਲ ਸਿੰਘ ਜੀ ਦੇ ਆਲਮਾਨਾ ਕੀਰਤਨ ਦੁਆਰਾ ਸਵੇਰੇ ੯ ਤੋਂ ਦੁਪਹਿਰ ਦੇ ਵਜੇ ਤੱਕ ਇਕ ਸਿਲਸਲਾ ਚਲਦਾ ਰਿਹਾ। ਪੰਡਿਤ ਜੀ ਦੀ ਬੀਮਾਰੀ ਪਿਛੋਂ ਕੀਰਤਨ ਵਿਚ ਆਉਣਾ ਸ਼ੁਭ ਮਗਨ ਸੀ। ਉਹਨਾਂ ਦੀ ਦੇਹ ਦੀ ਤਕਲੀਫ ਭਾਵੇਂ ਜਾਰੀ ਰਹਿੰਦੀ ਹੈ ਪਰ ਕੀਰਤਨ ਵਿਚ ਸੁਖ ਹੀ ਮਿਲਦਾ ਹੈ ਕੀਰਤਨ ਉਹਨਾਂ ਦੀ ਰੂਹ ਦੀ ਖੁਰਾਕ ਹੈ।

## ਸ਼ਹੀਦ ਬਿਸ਼ਨ ਸਿੰਘ ਸਕੂਲ

ਨਿਤਨੇਮ ਅਤੇ ਸ਼ਾਮ ਦੇ ਹਜ਼ੂਰੀ ਕੀਰਤਨ ਬਾਦ ਅੱਜ ਇਕ ਵਿਸ਼ੇਸ਼ ਪ੍ਰੋਗਰਾਮ ਸੀ। ਇਹ ਸ਼ਹੀਦ ਬਿਸ਼ਨ ਸਿੰਘ ਸੈਕੰਡਰੀ ਸਕੂਲ ਦੇ ਬੱਚਿਆਂ ਦਾ ਪ੍ਰੋਗਰਾਮ ਸੀ। ਦਿੱਲੀ ਵਿਚ ਸਥਾਪਤ ਨਾਮਧਾਰੀਆਂ ਦਾ ਇਹ ਸਕੂਲ ਥੋਹੜੇ ਸਮੇਂ




ਹੋਲੇ ਦਾ ਸੁਆਗਤੀ ਸਮਾਰੋਹ—ਸਤਿਗੁਰੂ ਜੀ ਦੇ ਹਜ਼ੂਰ ਖਬਿਓਂ ਪੰਡਿਤ ਗੋਪਾਲ ਸਿੰਘ ਸਿੰਘ, ਸੇਠ ਪਿਆਰਾ ਸਿੰਘ, ਸੇਠ ਮਹਿੰਦਰ ਸਿੰਘ ਚਾਵਲਾ, ਮਹਾਰਾਜ ਬੀਰ ਸਿੰਘ ਜੀ, ਸ: ਸੁਲੱਖਣ ਸਿੰਘ, ਸ: ਹੰਸਪਾਲ (ਮਾਈਕ ਤੇ) ਅਤੇ ਚੌਧਰੀ ਭਰਤ ਸਿੰਘ ਐਮ. ਪੀ.



Sri Satguru Jagjit Singh Ji eLibrary NamdhariElibrary@gmail.com

ਵਿਚ ਹੀ ਬਹੁਤ ਤੇਜ਼ੀ ਨਾਲ ਅਗੇ ਵਧਿਆ ਹੈ। ਮਾਲੇਰਕੋਟਲਾ ਦੇ ਰਕੜ ਵਿਚ ੧੮੭੨ ਦੇ ਘਲੂਘਾਰੇ ਸਮੇਂ ਕਤਲੇਆਮ ਦੇ ਇੰਚਾਰਜ ਅੰਗਰੇਜ਼ ਅਫਸਰ ਮਿਸਟਰ ਕਾਵਨ ਦੀ ਦਾੜ੍ਹੀ ਪੁੱਟਣ ਉਪਰੰਤ ਸ਼ਹੀਦ ਹੋਣ ਵਾਲੇ ਬਾਲਕ ਬਿਸ਼ਨ ਸਿੰਘ ਦੀ ਯਾਦ ਵਿਚ ਇਹ ਸਕੂਲ ਚਾਲੂ ਕੀਤਾ ਗਿਆ ਅਤੇ ਦਿੱਲੀ ਦੇ ਨਾਮਧਾਰੀਆਂ ਦੀਆਂ ਉਮੰਗਾਂ ਦਾ ਬਿੰਬ ਬਣ ਗਿਆ ਹੈ।

ਸਕੂਲ ਦੀ ਤਰੱਕੀ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਬੀਬੀ ਬੇਅੰਤ ਕੌਰ ਅਤੇ ਉਹਨਾਂ ਦੇ ਪਤੀ ਸ: ਸੰਤ ਸਿੰਘ ਅਤੇ ਸਕੂਲ ਸਟਾਫ ਦੀ ਕਰੜੀ ਮਿਹਨਤ ਅਤੇ ਬਹੁਤ ਸਾਰੇ ਸਹਿਯੋਗੀਆਂ ਦੀ ਮਦਦ ਨਾਲ ਇਹ ਪ੍ਰੋਗਰਾਮ ਤਿਆਰ ਕੀਤਾ ਗਿਆ ਸੀ।

ਸਕੂਲ ਦੇ ਬੱਚੇ ਲੜਕੇ ਅਤੇ ਲੜਕੀਆਂ ਸਟੇਜ ਤੇ ਇਕ ਨਿਯਮਬਧ ਤਰੀਕੇ ਨਾਲ ਸਜੇ ਸਨ। ਸ੍ਰੀ ਪ੍ਰੀਤਮ ਸਿੰਘ ਜੀ ਇਸ ਪ੍ਰੋਗਰਾਮ ਦੇ ਕੰਪੀਅਰ ਸਨ। ਉਹਨਾਂ ਦੇ ਸ਼ਬਦ-ਪ੍ਰਬੰਧ ਨੇ ਪ੍ਰੋਗਰਾਮ ਨੂੰ ਹੋਰ ਵੀ ਸੁਗੰਧਤ ਕਰ ਦਿਤਾ।

ਇਕ ਗਰੁਪ ਗਾ ਰਿਹਾ ਸੀ 'ਹਮ ਹੋਂਗੇ ਕਾਮਯਾਬ ਏਕ ਦਿਨ'--ਸੁਰੀਲੇ ਗਲਿਆਂ ਅਤੇ ਸੰਗੀਤ ਦੀ ਮਨਮੋਹਣੀ ਸੰਗਤ ਨਾਲ ਇਕ ਗਰੁਪ ਨਾਲ ਨਾਲ ਅੰਗਰੇਜ਼ੀ ਵਿਚ ਵੀ ਅਜਿਹੇ ਭਾਵ ਦਾ ਗੀਤ ਗਾ ਰਿਹਾ ਸੀ। ਫੇਰ ਤਕਰੀਰਾਂ ਹੋਣ ਲਗੀਆਂ। ਸਿੱਖ ਇਤਿਹਾਸ ਨਾਲ ਸੰਬੰਧਤ ਤਕਰੀਰਾਂ, ਇਤਿਹਾਸ ਗੁਰਬਾਣੀ ਅਤੇ ਪਰਮਾਣਾਂ ਨਾਲ ਲੈਸ ਕਰਕੇ ਵੱਖ ਵੱਖ ਵਿਦਿਆਰਥੀ ਇਦਾਂ ਵਾਰੀ ਵਾਰੀ ਬੋਲ ਰਹੇ ਸਨ ਜਿਵੇਂ ਗੋਲੀ ਪਿਛੋਂ ਗੋਲੀ ਚਲ ਰਹੀ ਹੁੰਦੀ ਹੈ। ਨਾਲ-ਹੀ ਹੱਥਾਂ ਨਾਲ ਅਤੇ ਨਜ਼ਰ ਨਾਲ ਅਜਿਹੇ ਸੰਕੇਤ ਦਿੰਦੇ ਜਿਸ ਨਾਲ ਭਾਵ ਹੋਰ ਉਭਰ ਆਉਂਦਾ। ਬਹੁਤ ਕਰਮਜੋਸ਼ੀ ਨਾਲ ਵਿਦਿਆਰਥੀ ਅਪਣਾ ਰੋਲ ਕਰ ਰਹੇ ਸਨ। ਪੂਰਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ਾਂ ਤੇ ਆਧਾਰਤ ਪ੍ਰੋਗਰਾਮ ਸੀ, ਬੇਮਿਸਾਲ। ਹੁਣ ਨਾਮਧਾਰੀਆਂ ਦਾ ਕਲਾਸਕੀ ਢੋਲੇ ਦਾ ਦੀਵਾਨ ਇਹਨਾਂ ਬੱਚਿਆਂ ਨੇ ਲਾਇਆ। ਢੋਲਕ ਛੈਣਿਆਂ ਦੀ ਬਹੁਤ ਹੀ ਨਿਲਵੀਂ ਸੰਗਤ ਨਾਲ ਇਕ 'ਜਥੇਦਾਰ' ਸਟੇਜ ਤੇ ਆਇਆ, ਜਥੇਦਾਰ ਤੇਜਾ ਸਿੰਘ। ਬੱਚੇ ਦਾ ਤੁਰਦਾ ਕੱਦ ਲੰਮਾ ਸਰੀਰ ਅਤੇ ਭੋਲਾ ਸਰੂਪ ਸਭ ਦਾ ਧਿਆਨ ਅਪਣੇ ਵਲ ਖਿਚ ਰਿਹਾ ਸੀ। ਲਹਿਰਾਂ ਵਲਾਉਣ ਬਾਅਦ ਉਸ ਢੋਲੇ ਦੀ ਧਾਰਨਾ ਲਈ :

ਐਸੇ ਗੁਰ ਕਉ ਬਲਿ ਬਲਿ ਜਾਈਐ

ਸ਼ਬਦ ਦੇ ਅੰਤਰੇ ਦੀਆਂ ਤੁਕਾਂ ਬੋਲ ਕੇ ਜਦੋਂ ਸਥਾਈ ਤੇ ਆਉਂਦੇ ਤਾਂ ਐਸੇ ਗੁਰ ਕਉ...ਦੀ ਤਿਖੀ ਧੁਨ ਫਿਜ਼ਾ ਵਿਚ ਘੁਲ ਜਾਂਦੀ। ਇਸ ਸਮੇਂ ਇਕ ਛੋਟਾ ਬਾਲਕ ਉਠਦਾ, ਬਾਹਾਂ ਉਚੀਆਂ ਕਰਕੇ ਹੱਥਾਂ ਨੂੰ ਖੜਤਾਲਾਂ ਦੇ ਸੰਕੇਤ ਨਾਲ ਹਲਾਉਂਦਾ ਅਤੇ ਪੂਰੇ ਤਾਲ ਵਿਚ ਹਲਕਾ ਜਿਹਾ ਨ੍ਰਿਤ ਕਰਦਾ। ਢੋਲਕ ਵਾਲੇ ਦੀ ਢੋਲਕ ਪੂਰਨ ਲੈਅ ਅਤੇ ਤਾਲ ਨਾਲ ਤੋੜੇ ਤੇ ਆਉਂਦੀ। ਜਥੇਦਾਰ ਵਿਚ ਵਿਚ ਬਾਂਹ ਹੁਲਾਰਕੇ ਕਹਿੰਦਾ, ਸਾਰੇ ਬੋਲੋ।

ਇਸ ਬਾਅਦ ਇਕ ਕੋਰਸ ਗੀਤ ਹੋਇਆ ਸਿੱਖੀ ਨਾਲ ਪਿਆਰ ਸਾਨੂੰ ਸਿੱਖੀ ਨਾਲ ਪਿਆਰ। ਆਰਿਆਂ ਨਾਲ ਚੀਰ ਭਾਵੇਂ ਨੇਜ਼ਿਆਂ ਤੇ ਟੰਗ...।

ਸਾਰੇ ਦੀਵਾਨ ਨੂੰ ਇਹਨਾਂ ਬੱਚਿਆਂ ਨੇ ਹਲੂਣ ਕੇ ਰੱਖ ਛੱਡਿਆ ਸੀ। ਨੋਟਾਂ ਦਾ ਮੀਂਹ ਵਰ੍ਹ ਪਿਆ ਸੀ। ਇਕ ਬੱਚੇ ਨੇ ਇਹ ਸ਼ਬਦ ਜਦੋਂ ਕਹੇ, "ਕਦੇ ਨਿਰਾਸ਼ ਨਾ ਹੋਵੋ, ਚੜ੍ਹਦੀਆਂ ਕਲਾਂ ਵਿਚ ਰਹੋ। ਭਜਨ ਕਰੋ ਤਰਗੇ ਹੋ ਕੇ, ਸਤਿਗੁਰੂ ਬਖਸ਼ਣਗੇ" ਤਾਂ ਸਭ ਦੀਆਂ ਅੱਖਾਂ ਪੁਰਨਮ ਹੋ ਗਈਆਂ ਸਨ।

## ਕਵੀ ਦਰਬਾਰ

ਸ਼ਾਮ ਨੂੰ ਪੰਜਾਬੀ ਕਵੀ ਦਰਬਾਰ ਦਾ ਪ੍ਰੋਗਰਾਮ ਸੀ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰਸਿੱਧ ਨਾਮਧਾਰੀ ਹਸਤੀ ਸ: ਸਾਧੂ ਸਿੰਘ (ਸੰਤ ਇੰਜੀਨੀਅਰਿੰਗ ਵਰਕਸ) ਜਲੰਧਰ ਕਰ ਰਹੇ ਸਨ ਅਤੇ ਸਟੇਜ ਸੰਚਾਲਕ ਲੇਖਕ ਦੇ ਜ਼ਿੰਮੇ ਲਗਾ। ਕਵੀ ਦਰਬਾਰ ਸਮੱਸਿਆ ਤੇ ਰਖਿਆ ਗਿਆ ਸੀ ਅਤੇ ਅੱਜ ਦੀ ਸਮੱਸਿਆ ਸੀ "ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।"

ਕਵੀ ਦਰਬਾਰ ਵਿਚ ਸਰਬ ਸ੍ਰੀ ਸੁਰਿੰਦਰ ਸਿੰਘ ਮੁਕਤਾ, ਸਵਰਨ ਸਿੰਘ ਚੀਮਾ, ਗੁਰਦਿਆਲ ਸਿੰਘ ਪ੍ਰੀਤ, ਹਰਭਜਨ ਸਿੰਘ ਧਾਮਾ, ਹਰਨਾਮ ਸਿੰਘ ਸ਼ਾਨ, ਚੰਨ ਨਨਕਾਣਵੀ ਗੁਰਦਿਆਲ ਸਿੰਘ ਮੌਜੀ, ਕੁਲਬਖਸ਼ ਸਿੰਘ ਰਾਮਪੁਰੀ, ਗੁਰਮੀਤ ਸਿੰਘ ਕਮਲਾ, ਮਾਸਟਰ ਅਮਰੀਕ ਸਿੰਘ, ਪ੍ਰਕਾਸ਼ ਸਾਥੀ, ਆਤਮਾ ਸਿੰਘ ਸਨਖਤਰਵੀ, ਕਿਰਪਾਲ ਸਿੰਘ ਹੀਰਾ, ਬਲਬੀਰ ਸਿੰਘ ਦਿਲੋਂ, ਸਾਧੂ ਸਿੰਘ ਕਿਸਾਨ, ਮਹਿੰਦਰ ਸਿੰਘ ਸਾਗਰ, ਤਾਰਾ ਸਿੰਘ ਅਨਜਾਣ, ਮੋਹਰ ਸਿੰਘ, ਬੇਅੰਤ ਸਿੰਘ ਸੋਖਲ ਅਤੇ ਹਰਭਜਨ ਸਿੰਘ ਰਤਨ ਨੇ ਭਾਗ ਲਿਆ।

ਕਵੀ ਦਰਬਾਰ ਵਕਤ ਤੋਂ ਉਤੇ ਜਾ ਰਿਹਾ ਸੀ ਅਤੇ ਬਹੁਤ ਸਾਰੇ ਵਧੀਆ ਕਵੀ ਕਵਿਤਾ ਕਹਿਣੋਂ ਰਹਿ ਗਏ ਸਨ।



Sri Satguru Jagjit Singh Ji eLibrary NamdhariElibrary@gmail.com



ਦਿਲੀ ਦੇ ਮੇਅਰ ਸ: ਮਹਿੰਦਰ ਸਿੰਘ ਸਾਥੀ ਦੁਆਰਾ ਸਤਿਗੁਰੂ ਜੀ ਦਾ ਅਭਿਨੰਦਨ

ਸ: ਸਾਧੂ ਸਿੰਘ ਜੀ ਪ੍ਰਧਾਨ, ਸ: ਹਰਭਜਨ ਸਿੰਘ ਔਰੰਗਾਬਾਦ ਅਤੇ ਹੋਰ ਦਾਨੀਆਂ ਨੇ ਭਰਵੇਂ ਹੱਥਿਆਂ ਨਾਲ ਕਵੀਆਂ ਨੂੰ ਨਵਾਜਿਆ ।

ਕਵੀ ਦਰਬਾਰ ਬਾਅਦ ਪ੍ਰਸਿੱਧ ਜਥੇਦਾਰ ਸੰਤ ਸੰਤਾ ਸਿੰਘ ਦਿੱਲੀ ਦਾ ਭਰਵਾਂ ਢੱਲੇ ਦਾ ਦੀਵਾਨ ਲਗਾ ਅਤੇ ਉਸ ਬਾਅਦ ਨਾਮਧਾਰੀ ਪੰਥ ਦੇ ਨਾਮਵਰ ਜਥੇਦਾਰ ਸੰਤ ਗਿਆਨ ਸਿੰਘ ਫੀਰੋਕੇ ਵਾਲਿਆਂ ਨੇ ਅਗਲੇ ਦਿਨ ਦੀ ਆਸਾ ਦੀ ਵਾਰ ਤੱਕ ਦੀਵਾਨ ਸਜਾਈ ਰਖਿਆ । ਇਸ ਪ੍ਰਕਾਰ :

"ਗੁਰਮੁਖਿ ਜਾਗਿ ਰਹੇ ਦਿਨ ਰਾਤੀ
ਸਾਚੇ ਕੀ ਲਿਵ ਗੁਰਮਤਿ ਜਾਤੀ"
(ਮਾਰੂ ਸੋਹਿਲੇ ਮਹਲਾ ੧)

## ਤੀਸਰਾ ਦਿਨ

ਦਸ ਮਾਰਚ ਦੀ ਵਾਰ ਤਾਂ ਲਗ ਭਗ ਦਸ ਵਜੇ ਤਕ ਚਲੀ । ਸਤ ਚੌਂਦ ਘੰਟੇ ਟੁੱਟ ਗਏ ਸਨ ਲਗ ਭਗ ਛੇ ਘੰਟੇ ਆਸਾ ਦੀ ਵਾਰ ਦਾ ਕੀਰਤਨ ਹੋਇਆ । ਧੰਨ ਸਤਿਗੁਰੂ ਜਗਜੀਤ ਸਿੰਘ ਜੀ, ਧੰਨ ਮਹਾਰਾਜ ਬੀਰ ਸਿੰਘ, ਧੰਨ ਰਾਗੀ ਸਿੰਘ ਜਿਨ੍ਹਾਂ ਏਡੀ ਵੱਡੀ ਬੈਠਕ ਕੀਤੀ ਅਤੇ ਲਗਾਤਾਰ ਸ਼ਬਦ ਗਾਇਣ ਕੀਤਾ । ਅਜ ਦੇ ਕੀਰਤਨ ਵਿਚ ਸ: ਪਿਆਰਾ ਸਿੰਘ ਜੀ ਤਾਰ ਸ਼ਹਿਨਾਈ ਵਾਲੇ ਵੀ ਸ਼ਾਮਲ ਸਨ ।

## ਵਿਸ਼ੇਸ਼ ਸਨਮਾਨ ਸਮਾਰੋਹ

ਆਸਾ ਦੀ ਵਾਰ ਭਾਵੇਂ ਬਹੁਤ ਲੇਟ ਸਮਾਪਤ ਹੋਈ ਸੀ ਫੇਰ ਵੀ ਸਾਧ ਸੰਗਤ ਪ੍ਰੇਮ ਸਹਿਤ ਬੈਠੀ ਰਹੀ ਅਤੇ ਹੁਣ ਸਨਮਾਨ ਸਮਾਰੋਹ ਸੀ । ਦੋ ਬਹੁਤਗਾਂ ਸ੍ਰੀ ਮਾਸਟਰ ਨਿਹਾਲ



Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਅਤੇ ਸੰਤ ਅਨੰਤਾ ਸਿੰਘ ਜੀ ਨਾਮਧਾਰੀ ਕਪੜਿਆਂ ਦੀ ਸਿਲਾਈ ਕਟਾਈ ਦੇ ਨਿਪੁੰਨ ਹਸਤ ਮਾਹਿਰ ਦਾ ਸਨਮਾਨ ਕੀਤਾ ਗਿਆ। ਇਸ ਸਬੰਧ ਵਿਚ ਸਿਰੋਪਾਓ ਅਤੇ ਪੰਜ ਹਜ਼ਾਰ ਰੁਪਿਆ ਸਤਿਗੁਰੂ ਜੀ ਵਲੋਂ ਬਖਸ਼ਿਸ਼ ਕੀਤਾ ਗਿਆ। ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਸਟੇਜ ਸੰਚਾਲਨ ਕੀਤਾ ਅਤੇ ਇਹਨਾਂ ਦੋਹਾਂ ਨੂੰ ਪੰਥ ਰਤਨ ਦੀ ਉਪਾਧੀ ਦੇਣ ਦਾ ਐਲਾਨ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕੀਤਾ। ਮਾਸਟਰ ਜੀ ਸਬੰਧੀ ਧਰੀਕੇ ਪੱਤਰ ਲੇਖਕ (ਜਗਦੀਸ਼ ਸਿੰਘ) ਨੇ ਪੜ੍ਹਿਆ ਅਤੇ ਸੰਤ ਅਨੰਤਾ ਸਿੰਘ ਜੀ ਸੰਬੰਧੀ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੇ। ਸਨਮਾਨ ਪੱਤਰ ਵਖਰੇ ਪ੍ਰਕਾਸ਼ਤ ਕਰ ਰਹੇ ਹਾਂ।

## ਸਤਿਗੁਰੂ ਜੀ ਦਾ ਆਸ਼ੀਰਵਾਦ

ਸਤਿਗੁਰੂ ਜੀ ਨੇ ਦੋਹਾਂ ਬਜ਼ੁਰਗਾਂ ਦੇ ਸਨਮਾਨ ਬਾਅਦ ਸੰਖੇਪ ਪਰਵਚਨ ਵਿਚ ਫੁਰਮਾਇਆ ਕਿ ਬਹੁਤ ਖੁਸ਼ੀ ਹੋਈ ਹੈ ਕਿ ਦੋ ਬਜ਼ੁਰਗਾਂ ਨੂੰ ਸਨਮਾਨਤ ਕੀਤਾ ਗਿਆ ਹੈ। ਇਹ ਉਹਨਾਂ ਦੀ ਸੇਵਾ ਦਾ ਮੁਲ ਪਾਉਣ ਦਾ ਯਤਨ ਕੀਤਾ ਗਿਆ ਹੈ।

ਜੇ ਪਿੰਡ ਪਿੰਡ ਵਿਚ ਨਾਮਧਾਰੀ ਕਾਰ ਦੇ, ਬਸਤਰਾਂ ਦੇ ਕਾਰੀਗਰ ਅਤੇ ਮਾਸਟਰ ਜੀ ਵਰਗੇ ਸੇਵਾਦਾਰ ਹੋਣ ਤਾਂ ਬਹੁਤ ਖੁਸ਼ੀ ਹੋਵੇ।

ਸਾਨੂੰ ਕਪੜੇ ਅਤੇ ਲਕੜੀ ਦੇ ਕਈ ਕੰਮਾਂ ਦਾ ਗਿਆਨ ਹੈ। ਸਾਨੂੰ ਉਸ ਕੰਮ ਦਾ ਵੀ ਗਿਆਨ ਹੋਣਾ ਚਾਹੀਦਾ ਹੈ ਜਿਸ ਨਾਲ ਅਗੇ ਜਾ ਕੇ ਥਾਂ ਮਿਲਣੀ ਹੈ। ਇਸ਼ਨਾਨ ਕਰਨਾ, ਭਜਨ ਕਰਨਾ, ਬਾਣੀ ਪੜ੍ਹਨੀ ਅਤੇ ਗਿਆਨ ਪ੍ਰਾਪਤ ਕਰਨਾ ਆਦਿਕ ਗੁਣ ਜੇਕਰ ਨਹੀਂ ਹਨ ਤਾਂ ਅਸੀਂ ਮਰ ਗਏ ਚੰਗੇ ਹਾਂ।

ਸਾਨੂੰ ਪਿੰਡ ਪਿੰਡ ਵਿਚ ਅਜਿਹਾ ਪਰਬੰਧ ਕਰਨਾ ਚਾਹੀਦਾ ਹੈ ਕਿ ਵਿਧੀ ਅਨੁਸਾਰ ਕੀਰਤਨ ਕਰਨ ਵਾਲੇ ਤਿਆਰ ਹੋਣ। ਕੀਰਤਨ ਦੀ ਗੁਰੂ ਰਾਮ ਦਾਸ ਜੀ ਵਾਲੀ ਪਰੰਪਰਾ ਅਲੋਪ ਹੋ ਰਹੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵੀ ਹੁਕਮ ਹੈ ਕਿ ਹਰ ਸਿੱਖ ਦਾ ਫਰਜ਼ ਹੈ ਕਿ ਰਾਗ ਵਿਦਿਆ ਨੂੰ ਮਰਨ ਨਾ ਦਿਤਾ ਜਾਵੇ।

## ਧਰਮ ਸੰਮੇਲਨ

ਅੱਜ ਨਿਤਨੇਮ ਅਤੇ ਕੀਰਤਨ ਬਾਅਦ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਹਾਜ਼ਰੀ ਸਿਖਰਾਂ ਤੇ ਸੀ ਅਤੇ ਜਿਧਰ ਨਜ਼ਰ ਜਾਵੇ ਸੰਗਤਾਂ ਹੀ ਸੰਗਤਾਂ ਨਜ਼ਰ ਪੈ ਰਹੀਆਂ ਸਨ। ਅਜ ਦੇ ਮੰਚ ਸੰਚਾਲਕ ਸ: ਸੁਖਬੀਰ ਸਿੰਘ ਗੁਲਾਟੀ ਐਮ.ਏ. ਸਨ। ਜਿਨ੍ਹਾਂ ਨੇ ਭੂਮਿਕਾ ਬੰਨ੍ਹਦਿਆਂ ਭਗਤੀ ਉਤੇ ਕੁਝ ਸ਼ਬਦ ਕਹੇ। ਆਪ ਅਨੁਸਾਰ ਭਗਤੀ ਦਾ ਸੰਬੰਧ ਸਤਿਗੁਰੂ ਨਾਲ ਸਥਾਪਤ ਹੁੰਦਾ ਹੈ। ਪਿਆਰ ਅਤੇ ਸ਼ਰਧਾ ਨਾਲ ਭਗਤੀ ਬਣਦੀ ਹੈ। ਨਿਰਾ ਪਿਆਰ ਈਰਖਾ ਪੈਦਾ ਕਰਦਾ ਹੈ।

## ਸੰਤ ਸੁਰਿੰਦਰ ਸਿੰਘ ਮੌਨੀ

ਨੰਦੇੜ ਸਾਹਿਬ ਦੇ ਮੁਖ ਪੁਜਾਰੀ (ਹੈਡ ਜਥੇਦਾਰ) ਸਿੰਘ ਸਾਹਿਬ ਗਿਆਨੀ ਸੁਰਿੰਦਰ ਸਿੰਘ ਮੌਨੀ ਸਫੈਦ ਬਸਤਰਾਂ ਵਿਚ ਆਏ ਸਨ ਉਹਨਾਂ ਪਹਿਲਾਂ ਸਤਿਗੁਰੂ ਜੀ ਨੂੰ ਇਕ ਖਾਦੀ ਰੰਗਾ ਚੋਗਾ ਪਹਿਨਾਇਆ ਅਤੇ ਫਿਰ ਵਿਖਿਆਨ ਕੀਤਾ।

ਮੌਨੀ ਜੀ ਨੇ ਅਪਣੇ ਪਰਵਚਨ ਵਿਚ ਇਤਿਹਾਸ ਦੇ ਉਤੇ ਚੰਗਾ ਚਾਨਣਾ ਪਾਇਆ। ਆਪ ਨੇ ਕਿਹਾ:

ਇਹ ਹੋਲੇ ਮਹੱਲੇ ਦਾ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਨੇ ਰਚਿਆ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਪਦੇਸ਼ ਦਿਤਾ ਹੈ।

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

ਕਲਗੀਧਰ ਪਾਤਸ਼ਾਹ ਨੇ ਆਤਮ ਰੱਸ, ਪ੍ਰੇਮ ਰੱਸ, ਬੀਰ ਰੱਸ, ਭਗਤੀ ਰੱਸ...ਸਾਰੇ ਰਸਾਂ ਦਾ ਖਜ਼ਾਨਾ ਆਪਣੇ ਮੁਖਾਰਬਿੰਦ ਤੋਂ ਦਸਮ ਬਾਣੀ ਉਚਾਰਨ ਕਰਕੇ ਅਣਮੋਲ ਖਜ਼ਾਨੇ ਦੀ ਬਖਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਦਾਤ ਮਰਦਾਨੇ ਨੂੰ ਦੇ ਕੇ ਕਿਹਾ ਸੀ ਕਿ ਇਹ ਲਾਲ ਹੈ ਭਾਵੇਂ ਵੇਚ ਖਾ ਭਾਵੇਂ ਰਖ ਲੈ।

ਅੱਜ ਜੋ ਕੀਰਤਨ ਦਾ ਰਸ ਆਇਆ ਹੈ ਉਹ ਜਿਹਾ ਕਦੇ ਨਹੀਂ ਆਇਆ। ਐਸਾ ਹੀ ਅਨੰਦ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਰੂ ਕਲਗੀਧਰ ਪਾਤਸ਼ਾਹ ਸਮੇਂ ਹੁੰਦਾ ਸੀ। ਹੋਲੇ ਮਹੱਲੇ ਸਮੇਂ ਗੁਰੂ ਜੀ ਸਫੈਦ ਬਸਤਰ ਧਾਰਨ ਕਰਕੇ ਸਿੰਘਾਸਨ ਤੇ ਬੈਠਦੇ ਕੇਵਲ ਤੇ ਗੁਲਾਬ ਛਿੜਕੇ ਜਾਂਦੇ। ਹੋਲਾ ਮਹੱਲਾ ਹੁੰਦਾ ਕੀਰਤਨ ਹੁੰਦਾ। ਗੁਰੂ ਜੀ ਦੀ ਅਪਣੀ ਬਾਣੀ ਰਾਗਾਂ ਵਿਚ ਵਰਨਣ ਕੀਤੀ ਜਿਸਨੂੰ ਪੜ੍ਹ ਸੁਣ ਕੇ ਅੱਜ ਦੇ ਰਾਗਈਏ ਲੋਕ ਹੈਰਾਨ ਹੋ ਜਾਂਦੇ ਹਨ।

ਕਲਗੀਧਰ ਵਾਲਾ ਰਸ ਇਕ ਦਮ ਸ਼ਾਂਤ ਅੱਜ ਲਗ ਰਿਹਾ ਹੈ ਖੁਸ਼ੀ ਖੁਸ਼ੀ ਹੋ ਰਹੀ ਹੈ।

ਦਸਮ ਗੁਰੂ ਜੀ ਦੱਖਣ ਵੱਲ ਆਏ ਤਾਂ ਰੁਹਿਆ

(ਬਾਕੀ ਸਫਾ ੨੫ ਤੇ)



Sri Satguru Jagjit Singh Ji eLibrary NamdhariElibrary@gmail.com



ਸਿਲਸਿਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਅਪਰੈਲ ੧੯੯੫ ਅੰਕ ਵੇਖੋ)

**੭ ਅਗਸਤ ੧੯੭੮**

**ਸੋਮਵਾਰ ਨਵੀਂ ਦਿਲੀ**

(ਚਲਦਾ ਪਰਸੰਗ ਦਿਲੀ ਸਟੇਸ਼ਨ)

ਸ: ਸੁਰਿੰਦਰ ਸਿੰਘ ਨਾਗੀ ਨਾਲ ਨੋਕਰਾ ਹਸਾਂਦਿਆਂ ਸ੍ਰੀ ਸਤਿਗੁਰੂ ਜੀ ਨੇ ਸੰਤ ਅਮਰ ਸਿੰਘ ਨਿਰਮਾਣ ਨੂੰ ਕੁਝ ਦਸਿਆ ਜੋ ਮੈਂ ਨਹੀਂ ਸੁਣ ਸਕਿਆ। ਹਰੇਕ ਆਏ ਨਾਲ ਥੋੜੀ ਥੋੜੀ ਗੱਲ ਕਰਦੇ ਮੁਸਕਾਨਾਂ ਵਰਤਾਂਦਿਆਂ ਆਪ ਸਟੇਸ਼ਨ ਲਾਨ ਵਿਚ ਆਏ ਤਾਂ ਸ: ਗੁਰਚਰਨ ਸਿੰਘ ਕਾਰ ਦੀ ਤਾਕੀ ਖੋਲਦਿਆਂ ਹੀ ਰਹਿ ਗਏ ਆਪ ਸ. ਹਰਵਿੰਦਰ ਸਿੰਘ ਹੰਸਪਾਲ ਦੀ ਗੱਡੀ ਤੇ ਸਵਾਰ ਹੋ ਤੁਰੇ। ਭਾਰਤੀ ਜੀ ਅਤੇ ਮੈਨੂੰ ਵੀ ਨਾਲ ਲੈ ਲਿਆ। ਸੇਠ ਤ੍ਰਿਲੋਕ ਸਿੰਘ ਪਹਿਲਾਂ ਹੋਰੀ ਕਾਰ ਵਿਚ ਸਨ।

**ਨਵੀਂ ਪੁਸਤਕ**

ਕਾਰ ਤੁਰਦਿਆਂ ਹੀ ਸ੍ਰੀ ਸਤਿਗੁਰੂ ਜੀ ਨੇ ਕੁਰੂਕਸ਼ੇਤਰ ਦੇ ਇਕ ਵਿਦਵਾਨ ਸ੍ਰ. ਮੇਹਰ ਸਿੰਘ ਜੀ ਨੂੰ ਯਾਦ ਕੀਤਾ। ਉਸ ਸੱਜਣ ਨੇ ਸੰਤ ਕਰਤਾਰ ਸਿੰਘ ਮਾਹੀ ਦੀ ਪ੍ਰੇਰਨਾ ਨਾਲ ਕੂਕਿਆਂ ਤੇ ਇਕ ਪੁਸਤਕ ਛਪਵਾਈ ਹੈ ਜਿਸਦੀ ਭੂਮਿਕਾ ਸ: ਰਾਜਿੰਦਰ ਸਿੰਘ ਰਾਏ ਜੋਧ ਨੇ ਲਿਖੀ ਹੈ। ਵਿਚੋਂ ਵਿਚੋਂ ਵਾਚਣ ਤੇ ਪੁਸਤਕ ਸਹੀ ਸੋਧ ਵੱਲ ਰੁਚਿਤ ਲਗਦੀ ਹੈ। ਲੇਖਕ ਵਲੋਂ ਪੰਜ ਪੁਸਤਕਾਂ ਸ੍ਰੀ ਸਤਿਗੁਰੂ ਜੀ ਦੀ ਭੇਟਾ ਵੀ ਹੋਈਆਂ। ਪਰ ਇਸ ਸਮੇਂ, ਅਸੀਂ ਉਸ ਪੁਸਤਕ ਨੂੰ ਨਿਹਾਰ ਨਹੀਂ ਸਕੇ।



Sri Satguru Jagjit Singh Ji eLibrary NamdhariElibrary@gmail.com

## ਮਾਣ ਦੇਣ ਦਾ ਨਾਜ਼ਕ ਤਰੀਕਾ

ਹੋਰ ਖ਼ਬਰ ਖਿਲਾਸ ਕਰਦਿਆਂ ੨੫ ਮਿੰਟ ਬਾਅਦ ਕਾਰ ੧/੬/੪ ਪੂਸਾਰੋਡ ਵਿਚ ਆ ਰੁਕੀ। ੮ ਵਜ ਚੁਕੇ ਸਨ। ਨਵੀਂ ਬਣੀ ਕੋਠੀ ਵਿਚ ਕਾਰ ਦੇ ਰੁਕਦਿਆਂ ਹੀ ਸਤਿਗੁਰੂ ਜੀ ਕਾਹਲੀ ਨਾਲ ਉਤਰੇ ਅਤੇ ਨਾਲ ਵਾਲੀ ਤਾਕੀ ਸਤਿਗੁਰੂ ਜੀ ਨੇ ਆਪ ਵਿਨੋਦ ਨਾਲ ਖੋਲ੍ਹੀ: ਮੈਂ ਕਾਹਲੀ ਕੀਤੀ ਕਿ ਮੇਰੀ ਵਾਰੀ ਕਿਤੇ ਪਹਿਲਾ ਨਾ ਖੋਲ੍ਹਣ ਆ ਜਾਣ। ਡਾ: ਭਾਰਤੀ ਹੀ ਖਿੜਕੀ ਦੇ ਨਾਲ ਸੀ।

ਮੁਲਾਕਾਤ ਲਈ ਕਾਫ਼ੀ ਸੰਗਤ ਮੌਜੂਦ ਸੀ ਪਰ ਗੱਡੀਓਂ ਉਤਰਦਿਆਂ ਹੀ ਕਾਹਲੀ ਕਾਹਲੀ ਸ੍ਰੀ ਸਤਿਗੁਰੂ ਸੇਠਣੀ ਮਹਿੰਦਰ ਕੌਰ ਦੇ ਕਮਰੇ ਵਲ ਗਏ। ਅਗੋਂ ਉਹ ਬਿਮਾਰੀਓਂ ਉੱਠ, ਰਾਜ਼ੀ ਖੁਸ਼ੀ ਹੋਣੀ-ਦੇਣੀ ਸਤਿਗੁਰਾਂ ਦੇ ਸੁਆਗਤ ਲਈ ਤਿਆਰ ਸੀ। ਪਿਛਲੀ ਵਾਰ ਆਇਆਂ ਉਹ ਬਿਮਾਰ ਸੀ। ਉਸ ਨੇ ਪ੍ਰਾਰਥਨਾ ਕੀਤੀ ਸੀ: ਡਾਕਟਰਾਂ ਤੋਂ ਨਾ ਛੱਡੋ। ਰਹਿਮਤ ਕਰੋ।

ਹੁਣ ਉਹ ਅਸਲੋਂ ਨੌ-ਬਰ-ਨੌ ਸੀ। ਉਸਨੇ ਗੋਡਿਆਂ ਤਕ ਆਉਣ ਵਾਲਾ ਇਕ ਵਡਾ ਹਾਰ, ਅਗੇ ਵਧ ਕੇ, ਸਤਿਗੁਰੂ ਜੀ ਦੇ ਗਲ ਪਹਿਨਾਇਆ ਅਤੇ ਚਰਨਾਂ ਉਪਰ ਸਿਰ ਧਰ ਮੱਥਾ ਟੇਕਿਆ। ਇੰਜ ਹੀ ਉਸ ਨੇ ਆਪਣੇ ਸੇਠ ਜੀ ਨੂੰ ਇਕ ਵਾਰ ਇਸੇ ਮਤਲਬ ਲਈ ਘਲ ਦਿਤਾ।

ਬਾਹਰ ਬਰਾਂਡੇ ਵਿਚ ਸਭਾਂ ਵਿਛ ਗਈਆਂ। ਸੈਂਟਰ ਕੁਰਸੀ ਉਤੇ ਸ੍ਰੀ ਸਤਿਗੁਰੂ ਜੀ ਲਈ ਸੱਚਾ ਕਪੜਾ ਵਿਛਾਇਆ ਗਿਆ ਅਤੇ ਫਿਰ ਸਾਰੀ ਸੰਗਤ ਨੇ ਆ-ਆ ਨਮਸਕਾਰਾਂ ਕੀਤੀਆਂ। ਮੈਨੂੰ ਅਤੇ ਭਾਰਤੀ ਜੀ ਨੂੰ ਇਕ ਵਖਰੀ ਮੀਟਿੰਗ ਵਿਚ ਸਦਿਆ ਗਿਆ। ਸਤਿਗੁਰੂ ਜੀ ਜਲਪਾਨ ਕਰਕੇ ਉਸ ਕਮਰੇ ਵਿਚ ਪਹੁੰਚੇ ਤਾਂ ਸ੍ਰੀ ਮਹਾਰਾਜ ਜੀ, ਸ੍ਰ. ਹੰਸਪਾਲ, ਸ੍ਰੀ ਗੁਰਭਜਨ ਸਿੰਘ, ਭਾਰਤੀ ਜੀ ਤੇ ਕਵੀ ਉਸ ਵਿਚ ਹਾਜ਼ਰ ਸਨ। ਸਤਿਗੁਰੂ ਜੀ ਫਰਸ਼ ਤੇ ਹੀ ਆਸਣ ਵਿਛਾ ਕੇ ਬਿਰਾਜਮਾਨ ਹੋਏ। ਡਾ: ਭਾਰਤੀ ਦੇ ਇਕ ਲੇਖ ਤੇ ਵਿਚਾਰ ਚਰਚਾ ਸੀ।

## ਉਸਤਾਦ ਅਮਜਦ ਅਲੀ ਖਾਂ

ਪੜ੍ਹਦਿਆਂ ਅਜੇ ਅੱਧਾ ਘੰਟਾ ਹੀ ਹੋਇਆ ਸੀ ਕਿ 'ਉਸਤਾਦ ਅਮਜਦ ਅਲੀ ਖਾਂ ਹੇਠਾਂ ਇੰਤਜ਼ਾਰ ਕਰ ਰਹੇ ਹਨ'' ਦਾ ਸੁਨੇਹਾ ਮਿਲਿਆ। ਖਾਂ ਸਾਹਿਬ ਨੇ ੧੧ ਵਜੇ ਆਉਣਾ ਸੀ, ਪਰ ਉਹ ੧੦ ਵਜੇ ਹੀ ਪਹੁੰਚ ਗਏ ਅਤੇ ਸਤਿਗੁਰੂ ਜੀ ਵਲੋਂ 'ਦੇਹੀ ਅੰਦਰਿ ਨਾਮੁ ਨਿਵਾਸੀ' ਨਾਲ ਸੰਬੰਧਤ ਭਾਰਤੀ ਜੀ ਦਾ ਸਾਰਾ ਲੇਖ ਵਿਸਥਾਰ ਸੁਣਨਾ ਚਾਹੁੰਦੇ ਸਨ ਪਰ ਵਿਘਨ ਪੈ ਗਿਆ।



ਸ਼੍ਰੀਮਤੀ ਮਹਿੰਦਰ ਕੌਰ

ਖਾਂ ਸਾਹਿਬ ਲਈ ਹੇਠਾਂ ਹੀ ਬੈਠਣ ਦਾ ਪ੍ਰਬੰਧ ਸੀ। ਅਤੇ ਸਤਿਗੁਰਾਂ ਦੇ ਪਹੁੰਚਣ ਨਾਲ ਮੀਟਿੰਗ ਜਾਰੀ ਹੋ ਗਈ। ਇਸ ਵਿਚ ਹੋਰ ਕੌਣ ਕੌਣ ਸ਼ਾਮਲ ਸਾਂ, ਪਤਾ ਨਹੀਂ।

ਅਸੀਂ ਬਰਾਂਡੇ ਵਿਚ ਬੈਠ ਇੰਤਜ਼ਾਰ ਕਰ ਰਹੇ ਸਾਂ ਕਿ ਡਾਲਟਨ ਗੰਜ ਵਾਲਾ ਸ: ਪਵਿੱਤਰ ਸਿੰਘ ਆ ਗਿਆ। ਡਾ: ਭਾਰਤੀ ਨੇ ਉਸ ਤੋਂ ਸ਼ਾਪਿੰਗ ਸੈਂਟਰ ਦੇ ਝਗੜੇ ਬਾਰੇ ਪੁਛਿਆ ਉਸ ਦਸਿਆ: ਜਦ ਤਕ ਇਹਦੀ ਬਿਲਡਿੰਗ ਨਹੀਂ ਵਿਕਦੀ ਗੱਲ ਕਿਸੇ ਤਨ-ਪੱਤਨ ਨਹੀਂ ਲਗਦੀ। ਅਸਾਂ ਆਪਣਾ ਰਿਸ਼ਤੇਦਾਰ ਸੰਤ ਤਰਣ ਸਿੰਘ ਸੈਂਕੋ ਵਾਲਾ ਉਸ ਨੂੰ ਖਰੀਦਣ ਲਈ ਤਿਆਰ ਕੀਤਾ ਹੈ, ਪਰ ਅਜੇ ਰੋਕ ਪੈ ਗਈ ਹੈ।

ਏਥੇ ਹੀ ਸ: ਪਰਮਜੀਤ ਸਿੰਘ ਗੋਲਾ-ਸੂਟ ਆ ਬੈਠਾ। ਉਹ ਸਤਿਗੁਰਾਂ ਦੇ ਦਰਸ਼ਨਾਂ ਦਾ ਤਲਬਗਾਰ ਸੀ। ਉਸ ਸੁਨੇਹਾ ਭੇਜਿਆ ਦਰਸ਼ਨਾਂ ਲਈ ਪਰ ਆਵਾਜ਼ ਭਾਰਤੀ ਤੇ ਮੈਨੂੰ ਵੱਜ ਗਈ। ਅੰਦਰ, ਸਤਿਗੁਰੂ ਜੀ ਲਾਲ ਸੋਫ਼ੇ ਤੇ ਬੈਠੇ ਸਨ। ਸਾਹਮਣੇ ਚਿੱਟੇ ਕਪੜੇ ਤੇ ਖਾਂ ਸਾਹਿਬ ਅਤੇ ਉਨ੍ਹਾਂ ਦੀ ਸਿੱਖ ਪਤਨੀ ਬੀਬੀ ਸੁੱਬਾ ਲਕਸ਼ਮੀ ਬੈਠੇ ਸਨ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਨੇ ਮੇਰੇ ਵਲ ਇਕ ਛੋਟਾ ਕਾਰਡ ਵਧਾਇਆ। ਇਸ ਵਿਚ ਖਾਂ ਸਾਹਿਬ ਇਕ ਕਾਰ ਦੇ ਪਾਸ ਖਲੋਤੇ ਹੋਏ ਸਨ। ਵਿਚ ਉਨ੍ਹਾਂ ਕੋਲ ਨਾਮਧਾਰੀ ਨੌਜਵਾਨ ਖੜਾ ਸੀ, ਸ. ਧੜਕ ਸਿੰਘ ਭਮਰਾ ਦਾ ਵੱਡਾ ਲੜਕਾ ਅਮਰਜੀਤ ਸਿੰਘ।

ਸਤਿਗੁਰੂ ਜੀ ਨੇ ਮੈਨੂੰ ਫਰਮਾਇਆ: ਅਮਰਜੀਤ ਨੇ ਬੜਾ ਕੰਮ ਕੀਤਾ ਹੈ। ਖਾਂ ਸਾਹਿਬ ਦੇ ਸ਼ੌਕ ਦੀ ਕਾਰ ਉਸ ਦੋ ਸਾਲ ਅਗਾਊਂ ਹੀ ਬੁਕ ਕਰ ਰਖੀ ਹੈ। ਦੁਨੀਆ ਭਰ ਵਿਚੋਂ ਉਸ ਜਰਮਨੀ ਕਾਰ ਦੇ ਵਿਕ੍ਰੇਤਾਵਾਂ ਦੇ ਪਤੇ ਮੰਗਵਾ ਕੇ ਦੋ ਵਿਕਰੀ ਯੋਗ ਕਾਰਾਂ ਦਾ ਪਤਾ ਲਗਾ ਹੀ ਲਿਆ।

ਸਤਿਗੁਰੂ ਜੀ ਅਮਰਜੀਤ ਤੇ ਬੜੇ ਪ੍ਰਸੰਨ ਸਨ। ਜਰਮਨੀ ਵਿਚ ਰਹਿੰਦਿਆਂ ਉਸਨੇ ਉਸਤਾਦ ਅਮਜਦ ਅਲੀ ਨੂੰ ਕਾਰ ਖਰੀਦਣ ਵਿਚ ਭਰਪੂਰ ਸਹਿਯੋਗ ਦਿਤਾ ਸੀ। ਮੈਂ ਦਸਿਆ ਕਿ ਮੈਂ ਆਪਣੇ ਮਿੱਤਰ ਦੇ ਬਚਿਆਂ ਨੂੰ ਚਿੱਠੀ ਲਿਖਾਂਗਾ ਕਿ ਸਤਿਗੁਰੂ ਜੀ ਉਨ੍ਹਾਂ ਤੇ ਕਿੰਨੇ ਪ੍ਰਸੰਨ ਹਨ ਤਾਂ ਸ੍ਰੀ ਹਜ਼ੂਰ ਨੇ ਬਚਨ ਕੀਤਾ: ਮੇਰੇ ਵਲੋਂ ਉਸ ਨੂੰ ਸ਼ਾਬਸ਼ ਲਿਖ ਦੇਵੀਂ।

ਸ੍ਰੀ ਸਤਿਗੁਰੂ ਜੀ ਪਾਸ ਬੈਠੀ ਜੋੜੀ ਧਾਰਮਿਕ ਸਹਿਯੋਗ ਪਰਸਪਰ ਪ੍ਰੇਮ ਅਤੇ ਕਲਾ ਮੰਡਲ ਦੇ ਉੱਘੇ ਸਿਤਾਰਿਆਂ ਦੇ ਤੌਰ ਤੇ ਬੜੀ ਪ੍ਰਸਿਧ ਸੀ। ਇਕ ਜੋ ਸਰੋਦ ਦਾ ਸਮਰਾਟ ਸੀ ਤਾਂ ਦੂਜੀ ਨ੍ਰਿਤ ਦੀ ਮਹਾਰਾਣੀ।

ਸਤਿਗੁਰੂ ਜੀ ਨੂੰ, ਖਾਂ ਸਾਹਿਬ ਬਾਰੇ ਬੀਬਾ ਸੁਧਾ ਲਕਸ਼ਮੀ ਨੇ ਇਕ ਹਕੀਕੀ ਲਤੀਫ਼ਾ ਸੁਣਾਇਆ:

**ਧਿਆਨ ਮਹਾਨਤਾ**

ਉਨ੍ਹਾਂ ਦਾ ਧਿਆਨ ਪਤਾ ਨਹੀਂ ਕਿਹੜੇ ਆਕਾਸ਼ 'ਚ ਰਹਿੰਦਾ ਹੈ। ਇਕ ਵਾਰ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਨਾਰਵੇ ਵਿਚ ਪ੍ਰੋਗਰਾਮ ਸੀ। ਅਸਾਂ ਮਨਜ਼ਲ ਤੇ ਹਵਾਈ ਜਹਾਜ਼ ਰਾਹੀਂ ਪਹੁੰਚਣਾ ਸੀ। ਜਹਾਜ਼ ਓਥੋਂ ਤਕ ਹੀ ਜਾਂਦਾ ਸੀ। ਪਰ ਇਕ ਸਟਾਪੇਜ ਪਹਿਲਾਂ ਹੀ ਖਾਂ ਸਾਹਿਬ ਸਰੋਦ ਸੰਭਾਲਣ ਲਗ ਪਏ। ਮੈਂ ਸਿਰ ਦਰਦ ਕਾਰਨ ਅੱਖਾਂ ਮੀਟੀ ਮੱਥੇ ਨੂੰ ਘੁੱਟੀ ਬੈਠੀ ਸਾਂ। ਮੇਰੀ ਝਾੜਾਂ ਜਿਹੀ ਵੱਜੀ ਤਾਂ ਮੈਂ ਸਮਝਿਆ ਹਚਕੋਲੇ ਤੋਂ ਬਚਾਣ ਲਈ ਖਾਂ ਸਾਹਿਬ ਨੇ ਸਰੋਦ ਨੂੰ ਹੱਥ ਪਾਇਆ ਹੈ। ਜਾਂ ਅੱਖਾਂ ਖੋਲ ਬਾਰੀਓਂ ਬਾਹਰ ਡਿੱਠਾ ਤਾਂ ਖਾਂ ਸਾਹਿਬ ਸਰੋਦ ਕੱਛੇ ਮਾਰੀ ਬਾਹਰ ਖਲੋਤੇ ਸਨ। ਇਹਨਾਂ ਦੇ ਨਾਲ ਤਬਲਾ ਵਾਦਕ ਚੰਦਰ ਮੋਹਨ ਵੀ ਖੜਾ ਸੀ।



ਉਸਤਾਦ ਅਮਜਦ ਅਲੀ

"ਮੈਂ ਹੈਰਾਨ ਰਹਿ ਗਈ। ਖਿਣਾਂ ਮੈਨੂੰ ਕੁਝ ਕਿਹਾਂ ਇਹ ਬਾਹਰ ਕਿਵੇਂ ਜਾ ਖਲੋਤੇ! ਉਹ ਸ਼ਾਇਦ ਮੈਨੂੰ ਉਡੀਕ ਰਹੇ ਸਨ। ਮੈਂ ਜਹਾਜ਼ ਦੀ ਖੁਲ੍ਹੀ ਖਿੜਕੀ ਪਾਸ ਜਾਕੇ ਇਨ੍ਹਾਂ ਨੂੰ ਵਾਪਸੀ ਲਈ ਹੱਥ ਹਿਲਾਏ ਪਰ ਉਹ ਤਾਂ ਮੈਨੂੰ ਆਉਣ ਲਈ ਇਸ਼ਾਰੇ ਕਰਨ ਲਗੇ। ਅੰਤ ਚੰਦਰ ਮੋਹਨ ਮੇਰੇ ਵੱਲ ਆਇਆ ਜਿਵੇਂ ਮੈਂ ਸਾਮਾਨ ਉਤਰਵਾਣਾ ਹੋਵੇ। ਮੈਂ ਉਹਨਾਂ ਨੂੰ ਉਹਨਾਂ ਦੀ ਗ਼ਲਤੀ ਸਮਝਾਈ। ਫਿਰ ਉਹ ਆਏ ਤਾਂ ਹਾਸੜ ਮੱਚ ਗਈ। ਖਾਂ ਸਾਹਿਬ ਬੋਲੇ: ਸਾਰੀ ਦੁਨੀਆ ਉਤਰ ਰਹੀ ਸੀ ਮੈਂ ਸਮਝਿਆ ਅਸਾਂ ਵੀ ਏਥੇ ਹੀ ਉਤਰਨਾ ਹੋਵੇਗਾ।

"ਜਿਥੇ ਜਾਕੇ ਉਤਰਨਾ ਸੀ। ਜਹਾਜ਼ੋਂ ਉਤਰਦਿਆਂ ਹੀ ਅੱਗਾ ਘੰਟਾ ਸ਼ਾਇਦ ਪ੍ਰੋਗਰਾਮ ਸੀ।"

ਖਾਂ ਸਾਹਿਬ ਦਾ ਅਜਿਹੀ ਧਿਆਨ ਰਖਣ ਦੀ ਇਕ ਕਹਾਣੀ ਹੋਰ ਸੁਣਾਈ ਗਈ ਤਾਂ ਭੁੱਲ ਦਾ ਚਮਤਕਾਰ ਓਥੇ ਹੀ ਵਾਪਰ ਗਿਆ। ਇਕ ਵਿਨੋਦੀ ਘਟਨਾ ਹੋ ਗਈ। ਖਾਂ ਸਾਹਿਬ ਸਤਿਗੁਰੂ ਜੀ ਪਾਸੋਂ ਵਿਦਾ ਹੋਣ ਲਗੇ ਤਾਂ ਕਾਰ ਦੀਆਂ



Sri Satguru Jagjit Singh Ji eLibrary NamdhariElibrary@gmail.com

ਚਾਬੀਆਂ ਦਾ ਗੁੱਛਾ ਬੰਨ੍ਹਣ ਵਾਲੀ ਥਾਵੇਂ ਹੀ ਛੱਡ ਤੁਰੇ। ਖਾਂ ਸਾਹਿਬ ਦੇ ਕਮਰਿਉਂ ਬਾਹਰ ਨਿਕਲ ਜਾਣ ਤੇ ਉਨ੍ਹਾਂ ਦੀ ਸੁਪਤਨੀ ਨੇ ਗਿਲੇ ਨਾਲ ਸਤਿਗੁਰੂ ਜੀ ਨੂੰ ਉਹ ਚਾਬੀ-ਛੱਲਾ ਵਖਾਇਆ ਅਤੇ ਚੁੱਕ ਲਿਆ। ਖਾਂ ਸਾਹਿਬ ਬਾਹਰੋਂ ਜਦੋਂ ਮੁੜੇ ਤਾਂ ਕਹਿਕਹਾ ਲਗਾਇਆ ਉਨ੍ਹਾਂ ਨੂੰ ਚਾਬੀਆਂ ਫੜਾ ਦਿਤੀਆਂ : ਵਾਹ ਜੀ ਭੁਲੱਕੜ !

## ਜਿਦੀ ਕੋਈ ਸੀਮਾ ਨਹੀਂ

ਗਿਆਰਾਂ ਵਜੇ ਖਾਂ ਸਾਹਿਬ ਵਿਦਾ ਹੋਏ। ਪਰ ਸਤਿਗੁਰੂ ਜੀ ਨੇ ਉਹਨਾਂ ਨੂੰ ਮਿੱਠੀ ਹੈਰਾਨੀ ਵਿਚ ਪਾ ਦਿਤਾ ਜਦੋਂ ਉਨ੍ਹਾਂ ਦੀ ਕਾਰ ਦੀ ਤਾਕੀ ਆਪ ਜਾਕੇ ਖੋਹਲ ਦਿਤੀ : ਆਓ ਬੈਠੋ !

ਅਸੀਂ ਸਤਿਗੁਰੂ ਜੀ ਦੇ ਆਰਾਮ ਕਮਰੇ ਵਿਚ ਜਾਣ ਲਈ ਆਪ ਦੇ ਪਿਛੇ ਪਿਛੇ ਚਲੇ ਤਾਂ ਕਾਰੀਡੋਰ ਵਿਚ, ਅਰਥਾਤ ਛੱਤੇ ਲਾਂਘੇ ਵਿਚ ਨਵੇਂ ਸਿੰਘ ਸਿੰਘਣੀਆਂ ਦੀ ਤਕੜੀ ਕਤਾਰ ਸੀ। ਸਭ ਨੇ ਪ੍ਰੇਮ ਪੂਰਵਕ ਨਮਸਕਾਰਾਂ ਕੀਤੀਆਂ। ਆਰਾਮ ਕਮਰੇ ਵਿਚ ਗਿਆਂ, ਪਹੋਵਾ ਫਾਰਮ ਦੇ ਨੇੜੇ ਦੇ ਸਿੰਘ ਨੇ ਆ ਚਰਨ ਬੰਦਨ ਕੀਤੀ। ਸ੍ਰੀ ਸਤਿਗੁਰੂ ਜੀ ਨੇ ਉਹਦੀ ਸੁਖ ਅਨੰਦ ਵੀ ਜਾਣੀ ਪਰ ਨਾਲ ਹੀ ਸੰਤ ਭਗਵਾਨ ਸਿੰਘ ਪਹੋਵੇ ਵਾਲਿਆਂ ਦਾ ਹਾਲ ਚਾਲ ਪੁਛਕੇ ਸਿੰਘ ਨੂੰ ਖੁਸ਼ੀਆਂ ਬਖਸ਼ੀਆਂ।

## ਮੱਥੇ ਦਾ ਮਤਲਬ

ਗਾਤਰੇ ਨਿਰਪਾਲਗਾਹੀ ਖੁਸ਼ਹਾਲ ਸਿੰਘ ਨਾਂ ਦੇ ਇਕ ਗੋਰ-ਨਾਮਧਾਰੀ ਸਿੰਘ ਨੇ ੫/- ਸ੍ਰੀ ਚਰਨਾਂ ਤੇ ਰਖਕੇ ਮਥਾ ਟੇਕਿਆ। ਉਹ ਰਾਜਿੰਦਰ ਨਗਰ ਦਾ ਸੀ ਤੇ ਉਹਦੇ ਨਾਲ ਉਹਦੀ ਪਤਨੀ ਵੀ ਸੀ। ਅਤੇ ਇਸਨੇ ਸਤਿਗੁਰੂ ਜੀ ਦੇ ਕਿਸੇ ਸਿੱਖ ਬਾਰੇ ਸ਼ਕਾਇਤ ਕੀਤੀ ਕਿ ਉਹਦਾ ੫ ਹਜ਼ਾਰ ਘੁੱਟੀ ਬੈਠਾ ਹੈ, ਲੈ ਦੇਣ ਦੀ ਕ੍ਰਿਪਾ ਕੀਤੀ ਜਾਵੇ। ਸਤਿਗੁਰੂ ਜੀ ਨੇ ਸਾਰਾ ਮਾਮਲਾ ਸ: ਹਰਵਿੰਦਰ ਸਿੰਘ ਹੰਸਪਾਲ ਨੂੰ ਸਮਝਕੇ ਫਿਰ ਦੱਸਣ ਦੀ ਆਗਿਆ ਕੀਤੀ।

ਚਾਂਦ ਨਗਰ ਦੇ ਇਕ ਲੰਮੇ ਦਾੜੇ ਵਾਲੇ ਸਿੰਘ, ਸਰਦਲ ਸਿੰਘ ਨੇ ਆਕੇ ਨਮਸਕਾਰ ਕੀਤੀ ਤਾਂ ਸਤਿਗੁਰਾਂ ਉਹਦੀ ਵੀ ਪਰਵਾਰਕ ਸੁਖ ਆਨੰਦ ਜਾਣੀ। ਏਨੀ ਕੁ ਗੱਲਬਾਤ ਨੇ ਸਿੰਘ ਦਾ ਹਿਰਦੈ ਕੰਵਲ ਟਹਿਕਾ ਦਿਤਾ।

## ਜਿਨ੍ਹਾਂ ਦੀ ਨੀਲੀ ਵੀ ਚਿੱਟੀ ਲਗਦੀ ਏ

ਕਰੋਲ ਬਾਗ ਦਾ ਇਕ ਕਾਰੋਬਾਰੀ ਨ: ਤਾਰਾ ਸਿੰਘ ਪਰਦੇਸੀ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਨਮਸਕਾਰ ਲਈ ਝੁਕਿਆ ਤਾਂ ਆਪ ਨੇ ਅਗੋਂ ਹੱਥ ਫੜਕੇ ਬਾਹਲਾ ਝੁਕਣ ਨਾ ਦਿਤਾ। ਮੈਨੂੰ ਆਖਿਆ : ਇਸ ਦੀ ਨੀਲੀ ਪੱਗ ਵੀ ਨਹੀਂ ਚੁਭਦੀ ਕਿਉਂਕਿ ਅੰਦਰ ਪ੍ਰੇਮ ਅਤੇ ਨਿਮਰਤਾ ਨਾਲ ਰੰਗਿਆ ਹੋਇਆ ਹੈ।

ਸਤਿਗੁਰੂ ਜੀ ਨੇ ਨਦੇੜ, ਹਜ਼ੂਰ ਸਾਹਿਬ ਦੇ, ਸੰਤ ਨਿਧਾਨ ਸਿੰਘ ਜੀ ਨੂੰ ਵੀ ਯਾਦ ਕੀਤਾ। ਉਹ ਸਮੁੱਚੇ ਭੇਖ ਤੇ ਹੀ ਕਾਲਾ ਬਾਣਾ ਪਹਿਨਦੇ ਹਨ। ਨਿਧਾਨ ਸਿੰਘ ਜੀ ਦੇ ਇਕ ਜਾਨਸ਼ੀਨ ਸੰਤ ਹਰਨਾਮ ਸਿੰਘ ਜੀ ਵੀ ਚੇਤੇ ਆਏ ਜੋ ਹਰੇਕ ਤਰ੍ਹਾਂ ਦੇ ਦਰਸ਼ਨਾਂ ਵਾਸਤੇ ਆਏ ਵਿਅਕਤੀ ਨੂੰ ਹਾਰਦਿਕ ਸੁਆਗਤ ਅਤੇ ਵਿਦਾਇਗੀ ਦਿੰਦੇ ਹਨ। ਸਤਿਗੁਰਾਂ ਬਚਨ ਕੀਤਾ : ਪਤਾ ਨਹੀਂ ਕਿਉਂ ਇਨ੍ਹਾਂ ਦੇ ਨੀਲ ਨਹੀਂ ਰੜਕਦੇ, ਕਈਆਂ ਦੇ ਤਾਂ ਚਿੱਟੇ ਕਪੜੇ ਵੀ ਅਖਰਨ ਲਗ ਪੈਂਦੇ ਹਨ।

## ਪੁਸਤਕਾਲਾ

੨੫ ਵਜੇ ਤੋਂ ਬਾਦ ਸਤਿਗੁਰੂ ਜੀ ਜਾਂ ਫਿਰ ਅਪਣੇ ਆਰਾਮ ਕਮਰੇ ਵਿਚ ਆਏ ਤਾਂ ਮਹਾਰਾਜ ਜੀ ਨੂੰ ਆਗਿਆ ਕੀਤੀ : ਸ: ਦੀਵਾਨ ਸਿੰਘ ਮਫ਼ਤੂਨ ਨੇ ਨਾਮਧਾਰੀਆਂ ਬਾਰੇ 'ਕੌਮੀ ਏਕਤਾ' ਵਿਚ ਕੁਛ ਲਿਖਿਆ ਸੀ। ਸ: ਭਾਟੀਆ ਨੂੰ ਮਿਲਕੇ ਮਫ਼ਤੂਨ ਪਰਵਾਰ ਦੀ ਸੁਖਸਾਂਦ ਵੀ ਪੁਛੋ ਤੇ ਉਹ ਲਿਖਤ ਵੀ ਪ੍ਰਾਪਤ ਕਰਨ ਦਾ ਜਤਨ ਹੋਵੇ।

ਮੇਰੇ ਨਾਲ ਜ਼ਿਕਰ ਸਾਂਝਾ ਕਰਦਿਆਂ ਮਹਾਰਾਜ ਜੀ ਦੱਸਣ ਲਗਦਿਆ : ਜਲੰਧਰ ਵਿਚ ਇਕ ਵਿਅਕਤੀ ਹੈ ਜਿਸਨੂੰ ਕਿਤਾਬਾਂ ਸੰਗ੍ਰਹਿ ਕਰਨ ਦਾ ਸ਼ੌਕ ਹੈ। ਜੇਕਰ ਲੱਭਣਾ ਜੇ ਉਸਦੀਆਂ ਕਿਤਾਬਾਂ ਕੰਮ ਦੀਆਂ ਹੋਣ ਤਾਂ ਉਹਦੀ ਸਾਰੀ ਲਾਇਬ੍ਰੇਰੀ ਖਰੀਦ ਲਈ ਜਾਵੇ।

## ਪਰਮਜੀਤ ਨੂੰ ਪਿਆਰ

ਕੋਠੀ ਵਿਚ ਅਜ ਖਾਸ ਰੌਣਕਾਂ ਹਨ। ਰੋਟੀ ਲੰਗਰ ਤਿਆਰ ਹੋ ਰਿਹਾ। ਵਰਾਂਡਿਆਂ ਅਤੇ ਹਾਲ ਵਿਚ ਅਤੇ ਹੋਰ ਬੈਠਣ ਯੋਗ ਥਾਵਾਂ ਤੇ ਸੰਗਤ ਬੈਠੀ ਖਲੋਤੀ ਨਜ਼ਰ ਆਉਂਦੀ ਹੈ। ਪੜ੍ਹਨ-ਸੁਣਨ ਦੀ ਕਾਰਵਾਈ ਜਾਰੀ ਹੋਈ ਤਾਂ ਪਰਮਜੀਤ ਸਿੰਘ ਨੂੰ ਕੋਲ ਬੁਲਾ ਲਿਆ ਗਿਆ। ਉਹ ਦਰਸ਼ਨਾਂ ਲਈ ਚੋਖਾ ਵਿਆਕੁਲ ਸੀ ਅਤੇ ਵੱਧ ਤੋਂ ਵੱਧ ਸਮਾਂ ਸ੍ਰੀ ਮੁਖ ਤੱਕਣ ਦਾ ਲਾਲਚ ਕਰਦਾ ਸੀ। ਦਾਹੜੀ ਥੋੜੀ ਥੋੜੀ ਕਤਰਦੇ, ਰੇਸ਼ਮੀ ਅਸਮਾਨੀ ਰੰਗ ਦੀ ਪਗੜੀ। ਨਵੇਂ ਨਵੇਂ ਸਿੰਘਾਂ ਵਿਚੋਂ ਹੈ। ਸਤਿਗੁਰਾਂ ਉਸਨੂੰ ਫ਼ਰਮਾਇਆ : ਪਰਮਜੀਤ, ਨੀਲਾ ਰੰਗ ਜਾਂ


Sri Satguru Jagjit Singh Ji eLibrary NamdhariElibrary@gmail.com

ਨੀਲੀ ਭਾਹ ਵਾਲਾ ਅਸਲੋਂ ਕੋਈ ਬਸਤਰ ਨਹੀਂ ਵਰਤਣਾ। ਹੋਰ ਰੰਗ ਬਥੇਰੇ ਹਨ ਹਲਕੇ ਫੁਲਕੇ।

ਸਿੱਖ ਨੇ "ਸਤਿਬਚਨ ਜੀ" ਕਹਿ ਕੇ ਸਿਰ ਝੁਕਾਇਆ।

ਘੜੀ ਦੀਆਂ ਸੂਈਆਂ ੧੨.੨੦ ਵਜਣ ਲੱਗੀਆਂ ਤਾਂ ਮੈਂ ਡਾ: ਅਮਰ ਭਾਰਤੀ ਨੂੰ ਅਗੇ ਪੜਨੋਂ ਰੋਕ ਦਿਤਾ। ਸਤਿਗੁਰਾਂ ਨੂੰ ਅਰਜ਼ ਕੀਤੀ : ਆਪ ਤਾਂ ੧੧-੧੧.੩੦ ਵਜੇ ਪ੍ਰਸ਼ਾਦ ਛਕਣ ਲਈ ਚਲੇ ਜਾਇਆ ਕਰਦੇ ਹੋ ਅੱਜ ਤਾਂ ੧੨.੩੦ ਵੱਜਣ ਦੇ ਨੇੜੇ ਹਨ। ਆਪ ਜੀ ਪ੍ਰਸ਼ਾਦਾ ਛਕੋ। ਲਾਂਗਰੀ ਵੀ ਸਾਨੂੰ ਕੋਸਦੇ ਹੋਣਗੇ। ਅਤੇ ਸਤਿਗੁਰੂ ਜੀ ਨੇ ਇਕਦਮ ਸਾਨੂੰ ਛੁੱਟੀ ਦੇ ਦਿਤੀ।

ਮੇਰੀ ਪੁੱਤਰੀ ਇੰਦੂ ਨੇ ਜਲੰਧਰ ਜਿਲੇ ਦੇ ਕੋਟ ਬਾਦਲ ਖਾਂ, ਆਪਣਿਆਂ ਸਹੁਰਿਆਂ ਤੋਂ ਆਉਣਾ ਸੀ ਅਜ। ਸੋ ਮੈਂ ਵੀ ਆਗਿਆ ਲੈ ਲਈ। ਸ੍ਰੀ ਭਾਰਤੀ ਤੇ ਮੈਂ ਬੀਬੀ ਸ਼ਕੁੰਤਲਾ ਕੁਟਾਣੀ ਵਲ ਚਲੇ ਗਏ ਕੁਝ ਛਕਣ ਛਕਾਣ। ਬੀਬੀ ਕੁਟਾਣੀ ਨਾਮਧਾਰੀ ਮੀਰਾਂ ਸਵਰਗਵਾਸੀ ਬੀਬੀ ਲੀਲਾ ਵੰਤੀ ਜੀ ਦੀ ਸਹਿਕਾਰਾਂ ਤੇ ਪ੍ਰੇਮੀ ਹਨ।

## ਪ੍ਰਾਣੀਆਂ ਨਮਿਤ ਭੋਗ

ਸਤਿਗੁਰੂ ਜੀ ਨੇ ਅੱਜ ਸ: ਹੰਸਪਾਲ ਨਾਲ ਦੋ ਪ੍ਰੋਗਰਾਮ ਪੱਕੇ ਕੀਤੇ ਸਨ ਸ: ਤੁਰਿੰਦਰ ਸਿੰਘ, ਨਾਗੀ ਨਾਲ ਆਏ ਸੱਜਣਾਂ ਵਲ ਛੇ ਵਜੇ ਭੋਗ ਪੈਣਾ ਸੀ। ਸ੍ਰੀ ਫ਼ੌਜੀ ਦਾ ਅਠਾਰਾਂ ਕੁ ਸਾਲਾਂ ਦਾ ਲੜਕਾ ਬਿਜਲੀ ਦੀ ਸ਼ਾਟ ਲਗਣ ਨਾਲ ਸਰੀਰ ਤਿਆਗ ਗਿਆ ਸੀ, ਉਹਦਾ ਭੋਗ ੫ ਵਜੇ ਨਿਸਚਿਤ ਕੀਤਾ ਗਿਆ।

ਜਦੋਂ ਮੈਂ ਸ਼ਾਮੀ ੮ ਵਜੇ ਕੋਠੀ ਪਹੁੰਚਾ ਤਾਂ ਸੰਗਤ ਅਜੇ ਵੀ ਕਾਫ਼ੀ ਸੀ ਕੋਠੀ ਵਿਚ। ਸਤਿਗੁਰੂ ਉਪਰਲੇ ਦੋਹਾਂ ਪ੍ਰੋਗਰਾਮਾਂ ਤੇ ਦਰਸ਼ਨ ਦੇ ਕੇ ਆਏ ਸਨ। ਦੋਹੀਂ ਥਾਈਂ ਸੰਗਤ ਬਹੁਤ ਵਡੀ ਗਿਣਤੀ ਵਿਚ ਦਰਸ਼ਨ ਕਰਨ ਆਈ।

## ਕਥਨ

ਸਤਿਗੁਰੂ ਜੀ ਨੇ ਉਪ੍ਰੋਕਤ ਦੋਹਾਂ ਥਾਵਾਂ ਤੇ ਹੀ ਸੰਗਤ ਨੂੰ ਆਪ ਸੰਬੋਧਨ ਕੀਤਾ। ਤੱਤ ਇਹ ਸੀ ਕਿ ਆਪ ਸੰਗਤ ਇਸ ਤਰ੍ਹਾਂ ਦਾ ਪ੍ਰੋਗਰਾਮ ਬਣਾਏ ਕਿ ਜਿਹੜੇ ਕਮਾਉਂਦੇ ਹਨ ਉਹ ਸਾਧ ਸੰਗਤ ਵਾਸਤੇ ਕੁਝ ਕੁ ਹੱਕ ਰਖਣ, ਹੋਰ ਉਗਰਾਹੀਆਂ ਨਾ ਕਰਨ, ਅਜਿਹੇ ਸਾਰੇ ਸਰੀਰ ਇਕ ਘੰਟਾ ਨਾਮ ਸਿਮਰਨ ਅਵੱਸ਼ ਕਰਨ ਅਤੇ ਹਰ ਐਤਵਾਰ ਸਮੂਹਕ ਨਾਮ ਸਿਮਰਨ ਹੋਵੇ। ਨਾਮਧਾਰੀ, ਸਦਾਚਾਰ ਤੋਂ ਅਣਜਾਣ

ਆਪ ਨੂੰ ਉਚਾ ਉਠਾਣ। ਭਜਨ ਬਾਣੀ ਵਲ ਮਨ ਲਗਾਣ। ਸਾਧ ਸੰਗਤ ਨੇ ਇਨ੍ਹਾਂ ਬਚਨਾਂ ਦਾ ਮੁਕਤ ਕੰਠ ਸੁਆਗਤ ਕੀਤਾ।

ਅਬੋਹਰ ਵਾਲਾ ਸੰਤ ਤਰਲੋਕ ਸਿੰਘ ਇਕ ਹਾਰਮੋਨੀਅਮ ਲੈ ਕੇ ਸ੍ਰੀ ਸਤਿਗੁਰੂ ਜੀ ਦੇ ਹਾਜ਼ਰ ਹੋਇਆ। ਇਹ ਸਤਿਗੁਰੂ ਜੀ ਵਲੋਂ ਦਿੱਲੀ ਭੇਜੇ ਗਏ ਸੰਗੀਤ ਵਿਦਿਆਰਥੀ ਬੱਚਿਆਂ ਲਈ ਸੀ। ਇਕ ਤਬਲੇ ਦੀ ਜੋੜੀ ਵੀ ਸੰਗਤ ਲਈ ਸੰਤਾਂ ਨੇ ਭੇਟ ਕੀਤੀ।

ਮਹਾਰਾਜ ਬੀਰ ਸਿੰਘ ਜੀ ਨੇ ਹਰਮੋਨੀਅਮ ਉਤੇ ਰਾਗਣੀ ਸਰਸਵਤੀ ਦੀਆਂ ਸੁਰਾਂ ਛੇੜ ਕੇ ਸੁਰਾਂ ਦੀ ਸ਼ੁਧਤਾ ਦਾ ਅੰਦਾਜ਼ ਕੀਤਾ। ਏਸੇ ਦੌਰਾਨ ਸ: ਹੰਸਪਾਲ, ਗੁਰਭਜਨ ਸਿੰਘ ਤੇ ਗੁਰਦੇਵ ਸਿੰਘ ਵੀ ਆ ਪਹੁੰਚੇ।

## ਬੂਟਾਂ ਦੀ ਜੋੜੀ

ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਬਲਦੇਵ ਸਿੰਘ ਆਦਿ ਸ੍ਰੀ ਸਤਿਗੁਰੂ ਜੀ ਦੇ ਜਾਣ ਦੀਆਂ ਤਿਆਰੀਆਂ ਵਿਚ ਰੁਝ ਗਏ। ਗੱਡੀਆਂ ਵਿਚ ਸਾਮਾਨ ਰਖਵਾਇਆ ਗਿਆ। ਲੰਗਰ ਇੰਚਾਰਜ ਬੀਬੀ ਸੁਰਜੀਤ ਕੌਰ, ਕਪੜੇ ਦਾ, ਖਾਟਾ ਰੰਗਨੀ ਦਾ ਤਿਆਰ ਕੀਤਾ ਹੋਇਆ ਜੋੜਾ ਲੈ ਕੇ ਹਾਜ਼ਰ ਹੋਈ, ਜਿਹਦੇ ਤਸਮੇ ਵਾਲਾ ਥਾਂ ਕੱਟਕੇ, ਬੰਦ ਲਾਕੇ, ਬੀਬੀ ਨੇ ਆਪ ਸੀਤਾ ਹੋਇਆ ਸੀ। ਅਤੇ ਨੀਲੇ ਤਾਲੂਏ ਦੀ ਥਾਂ ਖ਼ਾਕੀ ਰਬੜ ਦੇ ਤਲਵੇ ਪਾਕੇ ਲਿਆਈ ਸੀ। ਸਤਿਗੁਰਾਂ ਨੇ ਜੋੜਾ ਪਹਿਨਕੇ ਫ਼ਰਮਾਇਆ : ਹੋਰ ਤਾਂ ਠੀਕ ਹੈ, ਪਰ ਤਲਵੇ ਪੇਰ ਸਾਜਨਕੇ, ਕਪੜੇ ਦੇ ਚਾਹੀਦੇ ਸਨ।

## ਵੱਸਣ-ਵਸਾਣ

ਹੁਣ, ਬਾਹਰ ਖਲੋਤਿਆਂ ਸੰਗਤਾਂ ਵਿਚੋਂ ਜ਼ਰੂਰੀ ਅਰਜ਼ਾਂ ਕਰਨ ਵਾਲੇ, ਹੰਸਪਾਲ ਰਾਹੀਂ, ਕੱਲੇ ਕੱਲੇ ਕਰਕੇ ਅੰਦਰ ਪੁਚਾਏ ਗਏ। ਸਤਿਗੁਰੂ ਜੀ ਨੂੰ ਮਹਾਰਾਜ ਜੀ ਨੇ ਰਿਪੋਰਟ ਕੀਤਾ : ਜਿਸ ਦੱਖਣੀ ਲੇਖਕ ਨੇ "ਗੁਰੂ ਰਾਮ ਸਿੰਘ ਕੂਕਾ" ਨਾਮੀ ਪੈਂਫਲਿਟ ਅੰਗਰੇਜ਼ੀ ਵਿਚ ਛਪਵਾਇਆ ਹੈ ਉਹ ਐਤਕਾਂ (ਬੰਗਲੌਰ) ਮਿਲਿਆ ਸੀ। ਉਹ ਬੜਾ ਪ੍ਰੇਮੀ ਹੈ। ਅਤੇ ਸਾਡੀਆਂ ਬਹੁਤ ਸਾਰੀਆਂ ਚੀਜ਼ਾਂ ਤੌਰ ਮੁਤੱਲਕੀ ਤਰੀਕੇ ਨਾਲ ਛਾਪਣ ਨੂੰ ਤਿਆਰ ਹੈ। ਉਸ ਨੂੰ ਵਾਕਫ਼ੀ ਪੁਚਾਣ ਦੀ ਲੋੜ ਹੈ।

ਸਤਿਗੁਰੂ ਜੀ : ਚੰਡੀਗੜ੍ਹ ਕਦੋਂ ਜਾ ਰਹੇ ਹੋ ?

"ਕਲ ਸਵੇਰ ਚੰਡੀਗੜ੍ਹ ਲਈ ਚਲਾਂਗਾ।"



Sri Satguru Jagjit Singh Ji eLibrary NamdhariElibrary@gmail.com

"ਅਤੇ ਭੈਣੀ ਸਾਹਿਬ ?"

"ਸ਼ਾਮ ਤਕ ਤਾਂ ਪਹੁੰਚ ਹੀ ਜਾਵਾਂਗਾ ।"

ਮਹਾਰਾਜ ਜੀ ਨੇ ਦੱਸਿਆ ਕਿ ਅੱਜ ਜਦੋਂ ਉਹ ਜੀਵਨ ਨਗਰ ਵਲੋਂ ਆ ਰਹੇ ਸਨ ਤਾਂ ਰੁਹਤਕ ਦੇ ਨਜ਼ਦੀਕ ਚੌ: ਭਜਨ ਲਾਲ, ਸ੍ਰੀ ਚਾਂਦ ਰਾਮ, ਸ੍ਰੀ ਮਨੀ ਰਾਮ ਬਾਗੜੀ ਆਦਿ ਸਾਰੀ ਪਾਰਟੀ ਮਿਲੀ ਸੀ । ਬਾਗੜੀ ਸਾਥੀਆਂ ਨੂੰ ਕਹਿ ਰਿਹਾ ਸੀ ਕਿ ਰੈਲੀ ਕਰਨ ਲਈ ਉਹ ਅਪਣੀ ਤਿਆਰੀ ਰਖਣ । ਅੱਜ ਰੈਲੀ ਦੇ ਫ਼ੈਸਲੇ ਬਾਰੇ ਮੀਟਿੰਗ ਹੋਣੀ ਸੀ, ਪਤਾ ਨਹੀਂ ਕੀ ਬਣਿਆ ।

ਸਤਿਗੁਰਾਂ ਫ਼ੁਰਮਾਇਆ : ਚਰਨ ਸਿੰਘ ਤੇ ਸਾਥੀ ਬੈਲੈਂਸ ਬਰਾਬਰ ਰਖਣ ਲਈ ਵਾਹ ਤਾਂ ਲਾਵਣਗੇ ਹੀ ।

ਸਾਡੇ ਏਥੇ ਬੈਠਣ ਤੋਂ ਪਹਿਲੋਂ ਸ੍ਰੀ ਬੁਧਵਾਰ ਜੁ ਕਲੈਕਟਰ ਆਫ਼ ਕਸਟਮਜ਼ ਹਨ ਅਤੇ ਸ੍ਰੀ ਜ਼ੈਦੀ ਸਾਹਿਬ ਲਾਗ ਦੇ ਪਿੰਡ ਕੂਮ ਦੇ ਜੰਮਪਲ ਹਨ, ਸ੍ਰੀ ਸਤਿਗੁਰੂ ਜੀ ਨੂੰ ਮਿਲਣ ਆਏ । ਕੁਝ ਸਮਾ ਉਹਨਾਂ ਆਪ ਜੀ ਨਾਲ ਬੈਠਕੇ ਗੱਲਬਾਤ ਕੀਤੀ ।...ਮੈਂ ਮੌਕੇ ਤੇ ਨਹੀਂ ਸਾਂ ।

## ਕੋਈ ਫ਼ਰਕ ਪਾਇਆ

ਸਤਿਗੁਰੂ ਜੀ ਅਪਣੇ ਆਰਾਮ ਕਮਰੇ ਵਿਚ ਹੀ ਸਨ ਕਿ ਸ੍ਰੀ ਸਤਿਗੁਰੂ ਜੀ ਨੇ ਇਕ ਨੌਜਵਾਨ ਨੂੰ ਸਦਿਆ । ਗੋਰਾ ਗੋਰਾ ਤੇ ਚੁਸਤ ਦਰੁਸਤ ਦਿਸਦੇ ਸ੍ਰੀ ਜਗਜੀਤ ਸਿੰਘ ਨੂੰ ਸਤਿਗੁਰਾਂ ਪਿਆਰ ਨਾਲ ਪੁਛਿਆ :

"ਕੀ ਹਾਲ ਹੈ ਹੁਣ ਤੇਰਾ ?"

"ਠੀਕ ਹਾਂ ਜੀ, ਕ੍ਰਿਪਾ ਹੈ ਆਪ ਜੀ ਦੀ !"

"ਕੋਈ ਫ਼ਰਕ ਪਾਇਆ ?"

"ਪਇਆ ਹੈ ਜੀ ੯੫ ਫ਼ੀਸਦੀ !"

ਮੈਨੂੰ ਦੱਸਿਆ ਗਿਆ : ਇਹਨੂੰ ਕੀ ਪੇਟ ਦੀ ਬਿਮਾਰੀ ਪੈ ਗਈ ਸੀ । ਉਸਨੂੰ ਕਿਹਾ : ਛੱਡ ਦੇ, ਪੂਰੀ ਤਰ੍ਹਾਂ ਛੱਡਦੇ, ਕੰਚਨ ਦੇਹੀ ਨੂੰ ਨਾ ਗਾਲ ।

ਸ: ਹਰਵਿੰਦਰ ਸਿੰਘ ਨੂੰ ਜ਼ਿਮੇ ਲਗਾ ਕਿ ਉਹਦੀ ਪੁਛ ਪੜਤਾਲ ਰਖੇ । ਅਤੇ ਜਗਜੀਤ ਸਿੰਘ ਨੂੰ ਛੁੱਟੀ ਦੇ ਦਿਤੀ ।

## ਕੁੰਡੀ ਪਰਚਾਰ

ਹੁਣ ਉਹ ਸਿੰਘ ਪੇਸ਼ ਹੋਇਆ ਜਿਸ ਬਾਰੇ ਸ਼ਕਾਇਤ ਕੀਤੀ ਗਈ ਸੀ । ਸਤਿਗੁਰਾਂ ਬਚਨ ਕੀਤਾ : ਤੂੰ ਇਹਨਾਂ ਦੀ ਰਕਮ ਅਦਾ ਕਰ । ਇਹ ਬਹੁਤ ਮਾੜੀ ਗੱਲ ਹੈ ਤੂੰ ਪੈਸੇ ਦੀ ਇਹਨਾਂ ਦੇ ਨਹੀਂ ਦਿੰਦਾ ਤੇ ਤੇਰੇ ਪੁਤਰ ਨੇ ਬੀਬੀਆਂ ਨੂੰ ਉਲਟਾ ਸਿਧਾ ਬੋਲ ਕੇ ਉਹਦਾ ਨਿਰਾਦਰ ਵੀ ਕੀਤਾ ਹੈ ।

ਸਿੰਘ ਨੇ ਬੇਨਤੀ ਕੀਤੀ : ਉਂਜ ਤਾਂ ਜਿਵੇਂ ਆਪ ਜੀ ਹੁਕਮ ਕਰੋਗੇ, ਤਿਵੇਂ ਕਰਾਂਗਾ, ਪਰ ਬੀਬੀ ਨੇ ਕੁੰਡੀ ਪਰਚਾਰ ਬੜਾ ਕੀਤਾ ਹੈ । "ਮੈਂ ਹੋਰ ਕੁਝ ਨਹੀਂ ਸੁਣਨਾ । ਇਹਨਾਂ ਦੀ ਤਸੱਲੀ ਕਰਵਾ । ਪੈਸੇ ਜਿੰਨੇ ਬਣਦੇ ਨੇ ਦੇ ਦੇਹ । ਜੋ ਤੂੰ ਕੁੰਡੀ ਪਰਚਾਰ ਦੀ ਗੱਲ ਕਰਦਾ ਹੈਂ, ਉਹ ਤਾਂ ਸਾਰਿਆਂ ਦਾ ਹੀ ਹੁੰਦਾ ਹੈ । ਜੇ ਮੈਂ ਕਿਸੇ ਕੋਲੋਂ ਮੰਗ ਕੇ ਰਕਮ ਲਈ ਹੋਵੇ ਤਾਂ ਲਹਿਣੇਦਾਰ ਉਸ ਨੂੰ ਨਹੀਂ ਬਖਸ਼ਦਾ, ਜਦੋਂ ਉਸਨੂੰ ਕਿਸੇ ਵਲੋਂ ਰਕਮ ਮਿਲ ਜਾਂਦੀ ਹੈ ਫਿਰ ਉਸਤਤ ਸ਼ੁਰੂ ਹੋ ਜਾਂਦੀ ਹੈ ।"

ਸਤਿਗੁਰਾਂ ਦਾ ਬਚਨ ਮੰਨ ਕੇ ਸਿੰਘ ਨੇ ਹਾਂ ਕਰ ਦਿਤੀ ।

ਸਤਿਗੁਰੂ ਜੀ ਨੇ ਅਪਣਾ ਹੁਕਮ ਕੀਤਾ ਕਿ ਜਦੋਂ ਬੰਦਾ ਗ਼ਲਤੀ ਕਰਦਾ ਹੈ ਓਦੋਂ ਉਸ ਨਾਲ ਹੋਰ ਬੰਦੇ ਹੁੰਦੇ ਹਨ । ਜਦੋਂ ਉਹ ਫਸ ਜਾਂਦਾ ਹੈ ਤਾਂ ਛੁਡਾਵੇ ਹੋਰ ਲੋਕ ਹੁੰਦੇ ਹਨ ।

ਸਤਿਗੁਰਾਂ ਦੂਜਾ ਹੁਕਮ ਇਹ ਕੀਤਾ ਕਿ : ਗ਼ਲਤ ਕੰਮ ਕਰਨ ਵਾਲੇ ਨਾਲ ਉਸਦੇ ਮਿੱਤਰ ਤੇ ਸੰਬੰਧੀ ਜੇ ਮਿਲਣਾ ਗਿਲਣਾ ਛਡ ਦੇਣ ਤਾਂ ਬੰਦਾ ਛੇਤੀ ਸਿੱਧਾ ਹੋ ਜਾਂਦਾ ਹੈ । ਇਸ ਤਰ੍ਹਾਂ ਕਰਨ ਨਾਲ ਸਮਾਜ ਵਿਚ ਉਹਨਾਂ ਲਈ ਉਹਨੂੰ ਥਾਂ ਨਹੀਂ ਮਿਲਦੀ ।

## ਮਾਇਆ ਕਿਵੇਂ ਭਲੀ

ਭੇਟਾ ਰਖਕੇ ਮਹਾਰਾਜ ਜੀ ਨੂੰ ਸਤਿਗੁਰਾਂ ਦੱਸਿਆ : ਕੱਲ੍ਹ ਇਕ ਸੱਜਣ ਆਇਆ । ਉਸਨੇ ਮੱਥਾ ਟੇਕਿਆ । ਮੈਂ ਉਹ ਪਰਵਾਨ ਨ ਕੀਤਾ ਤੇ ਸਾਫ਼ ਕਿਹਾ ਕਿ ਜਦ ਤਕ ਉਹ ਉਸ ਗ਼ਲਤ ਬਿਲਡਿੰਗ ਵਿਚ ਭਾਈਵਾਲ ਹੈ ਤਦ ਤਕ ਮੇਰੇ ਨਾਲ ਗੱਲ ਨਹੀਂ ਬਣਨੀ । ਜਹਾਂ ਜੋ ਲਗਾ ਹੈ, ਸੋ ਛੱਡ ਦਿਓ ਧਰਮ ਦੀ ਕਮਾਈ ਥੋੜੀ ਵੀ ਚੰਗੀ । ਪਰ ਉਹ ਟਾਲਮਟੋਲ ਕਰਦਿਆਂ ਤੁਰ ਗਿਆ ਹੈ । ਮਹਾਰਾਜ ਜੀ ਨੇ ਅੱਗੋਂ ਗੱਲ ਤੋਰੀ : ਕਹਿੰਦੇ ਨੇ ਬਿਲਡਿੰਗ ਘਾਟੇ ਵਿਚ ਜਾ ਰਹੀ ਹੈ । ਸਤਿਗੁਰਾਂ ਸਪੱਸ਼ਟ ਕੀਤਾ : ਘਾਟੇ ਵਿਚ ਜਾਂਦੀ ਹੈ ਕਿ ਨਹੀਂ, ਇਹਦਾ ਸੁਆਲ ਨਹੀਂ । ਸੁਆਲ ਹੈ ਕਿ ਘਰ ਵਿਚ ਮਾਸ ਸ਼ਰਾਬ ਦੇ ਆ ਜਾਣ ਨਾਲ ਦੁਰਾਚਾਰ ਲਈ ਦਰਵਾਜ਼ੇ ਖੁਲ੍ਹ ਗਏ ਹਨ । ਕਿਥੇ ਹੈ ਉਹ ਪਹਿਲਾਂ ਵਾਲਾ ਸਾਤਵਿਕ ਜੀਵਨ ? ਮਾਇਆ ਨੇ ਭਰਮਾ ਲਿਆ । ਮਾਇਆ ਸਾਧ ਸੰਗਤ ਵਾਲੇ ਪਾਸੇ ਲਗੇ ਤਾਂ ਭਲੀ ਨਹੀਂ ਤਾਂ ਨਰਕਾਂ ਦਾ ਰਾਹ ਪੱਧਰਾ ਕਰਦੀ ਹੈ ।


Sri Satguru Jagjit Singh Ji eLibrary NamdhariElibrary@gmail.com

ਇਕ ਹੋਰ ਸਿੱਖ ਨੇ ਵੀ ਭੇਟਾ ਰਖ ਕੇ ਮੱਥਾ ਟੇਕਿਆ। ਸਤਿਗੁਰਾਂ ਪੁਛਾ ਦਿਤੇ : ਪਤਾ ਲਗਾ ਹੈ ਤੂੰ ਵੀ "ਮੀਟ" ਲਗ ਪਿਆ ਹੈਂ! "ਦੀਨ ਦਿਆਲ, ਮੈਂ ਅਗੇ ਤੋਂ ਇਹ ਗਲਤੀ ਨਹੀਂ ਕਰਾਂਗਾ—ਕੁਸੰਗਤ ਨੇ ਹੀ ਫਸਾ ਦਿਤਾ ਸੀ।" ਸਤਿਗੁਰਾਂ ਭੁੱਲਾਂ ਬਖਸ਼ ਕੇ ਭੇਟਾ ਪਰਵਾਨ ਕੀਤੀ।

## ਸਰਸਵਤੀ ਦੀਆਂ ਸੁਰਾਂ

ਅੱਜ ਮਹਾਰਾਜ ਜੀ ਗੁਰਦੇਵ ਸਰੋਦ ਨੂੰ ਸਰਸਵਤੀ ਰਾਗਣੀ ਦੀਆਂ ਸੁਰਾਂ ਪੁੱਛ ਰਹੇ ਹਨ। ਸ: ਹੰਸਪਾਲ ਵਿਨੋਦ ਨਾਲ ਕਹਿੰਦਾ ਹੈ : ਦੱਸ ਦੇਵੇਗਾ ਪਰ ਆਪ ਜੀ ਨੂੰ ਇਕ ਸਰੋਦ ਬਣਵਾ ਕੇ ਦੇਣੀ ਪਏਗੀ। ਦੂਜੀ ਵਾਰ ਪੁਛ ਹੁੰਦੀ ਹੈ : ਸਰਸਵਤੀ ਵਿਚ ਧੈਵਤ ਲਗਦਾ ਹੈ ਕਿ ਨਹੀਂ?

"ਦੋ ਸਰੋਦਾਂ ਦੇਣੀਆਂ ਪੈਣਗੀਆਂ!" ਹੰਸਪਾਲ ਦਾ ਵਿਨੋਦ ਜਾਰੀ ਹੈ।

"ਮੈਂ ਪੁੱਛਦਾ ਹੀ ਨਹੀਂ!" ਮਹਾਰਾਜ ਜੀ ਦਾ ਉੱਤਰ ਹੈ।

ਗੁਰਦੇਵ ਸਿੰਘ ਸੁਰਾਂ ਲਾ ਕੇ ਦੱਸਦਾ ਹੈ : ਸ ਰ ਮ ਪ ਧ ਨ ਸ—ਨ ਧ ਪ ਮਾ ਰ ਸਾ। ਛੇ ਸੁਰਾਂ ਦਾ ਰਾਗ ਹੈ। ਗੰਧਾਰ ਵਿਵਰਜਿਤ ਮਧਮ ਤੀਵਰ। ਅਤੇ ਸਰੋਦ ਦੀ ਟੇਕ ਉਸਨੇ ਸਤਿਗੁਰਾਂ ਤੇ ਰੱਖੀ ਹੈ।

ਸਤਿਗੁਰੂ ਜੀ ਨੇ ਗਾਇਣ ਲਈ ਕਿਹਾ : ਸਰੋਦ ਮਿਲ ਜਾਏਗੀ ਪਰ ੧੦ ਦਿਨ ਹਰ ਮਹੀਨੇ ਭੈਣੀ ਸਾਹਿਬ ਲਗਾਉਣੇ ਪੈਣਗੇ।

ਅਤੇ ਗੁਰਦੇਵ ਸਿੰਘ ਕੰਨ ਵਲਾ ਗਿਆ।

ਮਹਾਰਾਜ ਜੀ ਨੇ ਸਰਸਵਤੀ ਦੀਆਂ ਸੁਰਾਂ ਪੰ: ਰਾਮ ਨਰਾਇਣ ਜੀ ਤੋਂ ਪੁੱਛਣ ਲਈ ਮਨ ਦਸਿਆ।

"ਮੇਰੇ ਉਸਤਾਦ ਤੇ ਵਿਸ਼ਵਾਸ ਨਹੀਂ?" ਗੁਰਦੇਵ ਤ੍ਰਭਕਿਆ। ਸਤਿਗੁਰੂ ਜੀ ਨੇ ਗੱਲ ਮੁਕਾਈ : ਮਹਾਰਾਜ ਬੇਸ਼ਕ ਫੋਨ ਕਰਕੇ ਤਸੱਲੀ ਕਰ ਲਇਓ। ਅਤੇ ਆਪ ਜੀ ਨੇ ਸੰਗੀਤ-ਕਥਾ ਸੁਣਾਈ :

"ਇਕ ਵਾਰ ਪ੍ਰਸਿੱਧ ਗਾਇਕ ਅਤੇ ਅਮਨ ਸੰਗੀਤਮੋਦੇ ਪੰਡਿਤ ਓਅੰਕਾਰ ਨਾਥ ਠਾਕੁਰ ਨੇ ਬਿਨਾ ਗੰਧਾਰ ਤੋਂ ਕਲਿਆਣ ਗਾਇਆ। ਭਾਈ ਅਨਾਇਤ ਨੇ ਸੁਣ ਕੇ ਕਿਹਾ—ਗਾਇਆ ਤਾਂ ਤੁਸਾਂ ਠੀਕ ਹੈ, ਪਰ ਹਰ ਵਾਰ ਇਕ ਐਸੀ ਜਗਹ ਆਉਂਦੀ ਹੈ ਜੋ ਇਕ ਵਿਸ਼ੇਸ਼ ਸੁਰ ਦੀ ਮੰਗ ਕਰਦੀ ਹੈ। ਜਾਵੇਂ ਆਰੋਹੀ ਦੀਆਂ ਸੁਰਾਂ ਲਾਓ ਜਾਂ ਅਵਰੋਹੀ ਆਦਿ, ਕਲਿਆਣ ਤਾਂ ਗੰਧਾਰ ਮੰਗਦਾ ਹੀ ਹੈ।"

ਇਸਦਾ ਮਤਲਬ ਕੀ ਸੀ, ਜਾਨਣ ਵਾਲੇ ਸਮਝ ਗਏ।

## ਕਾਕੇ ਦੀ ਸੰਗੀਤ ਸਿਖਣ

ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਆਪਣੀ ਇੱਛਾ ਦੱਸੀ : "ਕਾਕੇ ਵੱਡੇ (ਠਾਕੁਰ ਦਲੀਪ ਸਿੰਘ ਜੀ) ਨੂੰ ਉਸਤਾਦ ਅਮਜਦ ਅਲੀ ਪਾਸੋਂ ਸਰੋਦ ਸਿਖਣ ਲਾਉਣਾ ਹੈ।" ਮਹਾਰਾਜ ਜੀ : ਆਪ ਜੀ ਕੋਲ ਬਿਠਾ ਕੇ ਅਭਿਆਸ ਕਰਵਾਉਂਦੇ ਰਹਿਣਾ। ਕਾਕਾ ਆਸਾ ਦੀ ਵਾਰ ਦੀ ਤਲੱਕ ਵੀ ਪਾਵੇ।

ਸਤਿਗੁਰੂ ਜੀ ਨੇ ਛੋਟੇ ਕਾਕੇ (ਠਾਕੁਰ ਉਦੇ ਸਿੰਘ ਜੀ) ਨੂੰ ਸਿਤਾਰ ਸਿਖਾਣ ਦਾ ਮਨ ਵੀ ਦਸਿਆ।

## ਬੀਤੇ ਦਿਨ

ਸੰਤ ਮਹਿੰਸਾ ਸਿੰਘ ਪੁਰਖਾ ਤੋਂ ਮੈਂ ਸਤਿਗੁਰੂ ਜੀ ਦੇ ਮਸ਼ਰੂਫ ਦਿਨਾ ਬਾਰੇ ਪੁਛਿਆ। ਉਸ ਦੱਸਿਆ ਕਿ ੫ ਅਤੇ ੬ ਅਗਸਤ ਨੂੰ ਲੁਧਿਆਣੇ ਨਾਮਧਾਰੀ ਸ਼ਹੀਦਾਂ ਦਾ ਮੇਲਾ ਸੀ। ਸਤਿਗੁਰੂ ਜੀ ਨੇ ਫੁਰਮਾਇਆ : ਲੁਧਿਆਣੇ ਦੀ ਸੰਗਤ ਵਿਚ ਕਾਫੀ ਉਤਸ਼ਾਹ ਆਇਆ ਹੈ। ਅੰਤਲਾਂ ਦੋ ਦਿਨਾਂ ਵਿਚ ੩੬ ਘੰਟੇ ਲਾ ਕੇ, ਜਿਨ੍ਹੇ ਵੀ ਆਖਿਆ, ਉਸਦੇ ਘਰ ਗਿਆ ਹਾਂ। ਹਰ ਇਕ ਨੇ ਸਹਾਇਤਾ ਹਰ ਮਹੀਨਾ ਲੰਗਰ ਨੂੰ ਅਤੇ ਇਕ ਘੰਟਾ ਰੋਜ਼ਾਨਾ ਨਾਮ ਸਿਮਰਨ ਦਾ ਵਚਨ ਦਿਤਾ ਹੈ। ਅਤੇ ਖਰੀ ਖੁਸ਼ੀ ਨਾਲ ਪਰਵਾਨ ਕੀਤਾ ਹੈ।

ਏਥੇ ਗੁਰੂ ਕੇ ਲੰਗਰ ਦੀ ਸੇਵਾ ਬੀਬੀਆਂ ਸੁਰਜੀਤ ਕੌਰ, ਬੀਬੀ ਇੰਦਰ ਕੌਰ, ਬੀਬੀ ਪ੍ਰੀਤਮ ਕੌਰ, ਬੀਬੀ ਮਾਇਆ, ਬੀਬੀ ਕਿਰਪਾਲ ਕੌਰ, ਬੀਬੀ ਵੀਰਾਂ ਅਤੇ ਬੀਬੀ ਰਾਮ ਰੱਖੀ ਨੇ ਕਰਕੇ ਸਤਿਗੁਰੂ ਜੀ ਤੇ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਤਿਗੁਰੂ ਜੀ ਨੇ ਸ: ਹੰਸਪਾਲ ਨੂੰ ਦਸਿਆ ਕਿ ਸ: ਗੁਰਚੰਨ ਸਿੰਘ ਨੰਦੋਂਵੀ ਇੰਗਲੈਂਡ ਨੂੰ ਪੱਠਿਆ (ਸੰਗੀਤ) ਬਾਰੇ ਕੋਈ ਇਮਤਿਹਾਨ ਦੇਣ ਜਾ ਰਿਹਾ ਹੈ। ਉਸਨੇ ਬਹੁਤ ਸਾਰੇ ਵਿਸ਼ਿਆਂ ਦੇ ਪਹਿਲਾਂ ਵੀ ਇਮਤਿਹਾਨ ਦਿਤੇ ਹੋਏ ਹਨ।

## ਦਿੱਲੀ ਰੇਲਵੇ ਸਟੇਸ਼ਨ

੮ ਵਜੇ ਰਾਤੀਂ ਜਦੋਂ ਸ੍ਰੀ ਸਤਿਗੁਰੂ ਜੀ ਰੇਲਵੇ ਸਟੇਸ਼ਨ ਦਿੱਲੀ ਤੇ ਪਧਾਰੇ ਤਾਂ ਆਪ ਜੀ ਨਾਲ ਸੇਠ ਜੀ, ਸੰਤ ਪੁਰਖਾ, ਸ: ਹੰਸਪਾਲ ਤੇ ਪ੍ਰੀਤਮ ਸਿੰਘ ਕਵੀ ਹੀ ਸਨ। ਸਟੇਸ਼ਨ ਤੇ ਸਾਡੇ ਪਹੁੰਚਣ ਸਮੇਂ ਅਨੇਕਾਂ ਨਾਮਧਾਰੀ ਵਿਦਾ ਕਰਨ ਲਈ ਪਹੁੰਚੇ ਹੋਏ ਸਨ। ਸ: ਮਨਚੰਦਾ ਨੇ ਟਿਕਟ



Sri Satguru Jagjit Singh Ji eLibrary NamdhariElibrary@gmail.com



ਸ: ਸੁਰਿੰਦਰ ਸਿੰਘ ਮਨਚੰਦਾ

ਆਦਿ ਲੈ ਰਖੇ ਸਨ। ਸ: ਅਵਤਾਰ ਸਿੰਘ ਇਕ ਰੇਲਵੇ ਅਧਿਕਾਰੀ (ਬੁਕਿੰਗ ਨਾਲ ਸੰਬੰਧਤ) ਪਤਨੀ ਸਮੇਤ ਆਕੇ, ਸ੍ਰੀ ਚਰਨਾਂ ਵਿਚ ਭੇਟਾ ਰਖ, ਮੱਥਾ ਟੇਕਿਆ ਫਿਰ ਸ੍ਰੀ ਹਜ਼ੂਰ ਦੇ ਨਾਲ ਚਲਦਾ ਰਿਹਾ। ਸ: ਪਰਮਜੀਤ ਸਿੰਘ ਵੀ ੮ ਵਜੇ ਦਾ ਏਥੇ ਆਇਆ ਬੈਠਾ ਸੀ। ਮੱਥਾ ਟੇਕ ਕੇ ਕਹਿਣ ਲਗਾ: ਜੀ ਕਰਦਾ ਸੀ ਫੇਰ ਦਰਸ਼ਨ ਕਰ ਲਵਾਂ, ਕੀ ਪਤਾ ਮੁੜ ਕਦੋਂ ਹੋਣ। ਸਤਿਗੁਰੂ ਜੀ ਨੇ ਕ੍ਰਿਪਾ ਪੂਰਵਕ ਹਰ ਆਏ ਵਿਅਕਤੀ ਨੂੰ ਥੋੜਾ ਥੋੜਾ ਸਨੇਹ ਬਖਸ਼ਿਆ।

ਏਥੇ ਹੀ ਕਰਨਾਲ ਦੇ ਇਕ ਰੇਲਵੇ ਕਲਰਕ ਨੇ ਆ ਨਮਸਕਾਰ ਕੀਤੀ ਤੇ ਨਾਲ ਹੀ ਅਰਜ਼ ਕੀਤੀ: ਕਰਨਾਲ ਤੋਂ ਲੰਘਦੇ, ਜਾਂਦੇ ਆਉਂਦੇ ਜ਼ਰੂਰ ਦਰਸ਼ਨ ਦੇ ਕੇ ਨਿਵਾਜਿਆ ਕਰੋ। ਮੈਂ ਕਾਰ ਵੀ ਰਖੀ ਹੋਈ ਹੈ। ਘਰ ਦਾ ਦੁੱਧ ਤੇ ਹਿਰਦੇ ਸਾਫ ਸੇਵਾ ਮਿਲੇਗੀ।

ਇਕ ਹੋਰ ਸੱਜਣ ਸ੍ਰੀ ਪੀ.ਐਨ. ਆਰਯਾ ਦਿੱਲੀ ਯੂਨੀਵਰਸਿਟੀ ਦੇ ਸੈਂਟਰਲ ਇਨਸਟੀਚਿਊਟ ਦੇ ਪ੍ਰਾਧਿਆਪਕ ਹਨ, ਨੇ ਨਮਸਕਾਰ ਕਰਕੇ ਕਿਹਾ: ਮੈਂ ਨਾਮਧਾਰੀਆਂ ਬਾਰੇ 'ਸੋਵੀਅਤ ਲੈਂਡ' ਵਿਚ ਪੜ੍ਹਿਆ ਸੀ। ਬਹੁਤ ਕੁਰਬਾਨੀ ਹੈ ਇਹਨਾਂ ਦੀ। ਮੈਂ ਤਾਂ ਬਹੁਤ ਪ੍ਰਭਾਵਤ ਹੋਇਆ ਹਾਂ। ਅੱਜ ਦਰਸ਼ਨ ਕਰਨ ਦਾ ਅਵਸਰ ਵੀ ਮਿਲ ਗਿਆ।

ਸਤਿਗੁਰੂ ਜੀ ਨੇ ਮੈਨੂੰ ਆਗਿਆ ਕੀਤੀ ਕਿ ਮੈਂ ਇਸਨੂੰ ਨਾਮਧਾਰੀ ਇਤਿਹਾਸ (ਹਿੰਦੀ) ਭਿਜਵਾ ਦਿਆਂ।

**ਸਿਮਰਨ ਜਥੇ**

ਸਤਿਗੁਰਾਂ ਨੇ ਮੁਖ ਧਿਆਨ ਨੌਜੁਆਨਾਂ ਦੀਆਂ ਸਿਮਰਨ ਜਥੇਬੰਦੀਆਂ ਵਲ ਦਿਤਾ। ਹੰਸਪਾਲ ਨੇ ਵਾਹ ਲਗਦੇ ਹਰ ਇਲਾਕੇ ਦੇ ਮੁਖੀ ਜਵਾਨ ਨੂੰ ਸਤਿਗੁਰਾਂ ਦਾ ਹੁਕਮ ਸੁਣਾਇਆ। ਪਲੇਟ ਫ਼ਾਰਮ ਤੇ ਖਲੋਤਿਆਂ ਸ: ਨਰਿੰਦਰ ਸਿੰਘ ਗਾਂਧੀ ਨਗਰ, ਗੁਰਦੀਪ ਸਿੰਘ-ਹਰਮੀਤ ਸਿੰਘ ਰਮੇਸ਼ ਨਗਰ, ਮੋਹਣ ਸਿੰਘ-ਭੁਪਿੰਦਰ ਸਿੰਘ ਕ੍ਰਿਸ਼ਨਾ ਨਗਰ ਆਦਿ ਨੂੰ ਪ੍ਰੇਰਨਾ ਦਿਤੀ ਕਿ ਉਹ ੨੫-੨੫ ਜਵਾਨਾਂ ਦੇ ਨਾਂ ਲਿਖਕੇ ਜਥੇ ਬਣਾਣ। ਮੁਖੀ ਦਾ ਕੰਮ ਹੈ ਕਿ ਉਹ ਵਕਤ ਸਿਰ ਨਾਮ ਸਿਮਰਨ ਵਿਚ ਪਹੁੰਚੇ, ਦੂਜਿਆਂ ਨਾਲ ਸੰਪਰਕ ਰਖੇ ਅਤੇ ੧੦/- ਅਗਲਿੰਗ ਮੈਂਬਰ (ਕਮਾਊ ਆਦਮੀ) ਦੇ ਇਕੱਤਰ ਕਰਕੇ ਪੁਚਾਵੇ। ਸਤਿਗੁਰਾਂ ਵਿਸ਼ੇਸ਼ ਕਰ ਫੁਰਮਾਇਆ: ਸਿਮਰਨ ਘਰ ਘਰ ਵਾਰੋ ਵਾਰੀ ਹੋਵੇ। ਇਸ ਨਾਲ ਸੇਵਾ ਦੀ ਆਦਤ ਪਵੇਗੀ। ਪਰ ਖਰਚ ਕਿਸੇ ਪਰਕਾਰ ਦਾ ਕੋਈ ਨਾ ਹੋਵੇ। ਨਾ ਕੜਾਹ ਪ੍ਰਸਾਦ, ਨਾ ਮਿਠਾਈ-ਪਰਾਂਠੇ, ਨਾ ਸਰਦਾਈ ਚਾਹਟਾ ਆਦਿ। ਸੰਤਰੇਵਦਾਂ ਨੂੰ ਕੇਵਲ ਜਲ ਹੀ ਛਕਾਇਆ ਜਾਵੇ। ਇਸ ਢੰਗ ਨਾਲ ਕੋਈ ਮਹਿੰਗੀ ਰਸਮ ਨਹੀਂ ਪਣਪ ਸਕੇਗੀ। ਅਤੇ ਆਰਥਕ ਤੌਰ ਤੇ ਪਛੜੇ ਜਾਂ ਪ੍ਰਗਤੀ ਕੀਤੇ ਲੋਕ ਇਕਸਾਰ ਨਾਮ ਸਿਮਰਨ ਵਿਚ ਭਾਗ ਲੈ ਸਕਣਗੇ।

੮.੫੦ ਤੇ ਗੱਡੀ ਚਲਣ ਦੇ ਸਮੇਂ ਸਤਿਗੁਰੂ ਜੀ ਏਅਰ ਕੰਡੀਸ਼ਨ ਡੱਬੇ ਦੇ ਬੂਹੇ ਵਿਚ ਇੰਜ ਸ਼ੋਭਾ ਪਾ ਰਹੇ ਸਨ ਜਿਵੇਂ ਫਰੇਮ ਜੜੀ ਤਸਵੀਰ। ਵਿਦਾ ਕਰਨ ਆਏ ਸ੍ਰੀ ਚਰਨਾਂ ਤੇ ਸਿਰ ਧਰ ਧਰ ਨਮਸਕਾਰ ਕਰਨ ਲਗੇ। ਗੱਡੀ ਤੁਰ ਪਈ ਤਾਂ ਕੁਝ ਕਦਮ ਨਾਲ ਚਲਕੇ ਸੰਗਤ ਲਈ ਮੁੜ ਆਉਣ ਬਿਨਾ ਕੋਈ ਚਾਰਾ ਨਹੀਂ ਸੀ।

**੯ ਅਗਸਤ ੧੯੭੮ ਬੁੱਧਵਾਰ**

**ਨਵੀਂ ਦਿੱਲੀ**

ਰਾਤ ਦੀ ਅਟਾਵਕ ਬਾਰਸ਼ ਹੋ ਰਹੀ ਹੈ। ਅਤੇ ਇਹ ਦਿਨ ਦੇ ਦੋ ਵਜੇ ਤਕ ਨਿਰੰਤਰ ਚਲਦੀ ਰਹੀ। ਸੜਕਾਂ, ਗਲੀਆਂ ਆਦਿ ਵਿਚ ਪਾਣੀ ਹੀ ਪਾਣੀ ਹੈ। ਰਾਜੌਰੀ ਗਾਰਡਨ ਵਿਚ ਤਾਂ ਐਤੇਂ ਲਗਦਾ ਹੈ ਜਿਵੇਂ ਇਹ ਦਿੱਲੀ ਨਹੀਂ ਸਗੋਂ ਵੀਨਸ ਹੈ ਜਿਥੇ ਸੜਕਾਂ, ਗਲੀਆਂ ਤੇ ਮੁਖ ਮਾਰਗਾਂ ਤੇ ਮੋਟਰ ਬੋਟਾਂ ਤੇ ਡੌਂਗੀਆਂ ਨਾਲ ਘੁੰਮਣਾ ਸੁਤੇ ਹੁੰਦਾ ਹੈ। ਪਾਣੀ ਦੇ ਬੰਬਰਵੇ ਚੜਿਣ ਤਾਂ ਆਉਣ ਵਾਲੀਆਂ ਖਬਰਾਂ ਵਲੋਂ ਡਰਾ ਰਹੇ ਹਨ।

(ਚਲਦਾ)



Sri Satguru Jagjit Singh Ji eLibrary NamdhariElibrary@gmail.com



ਕੀਰਤਨ ਪ੍ਰਤੀਯੋਗਤਾ ਚੋਂ ਪ੍ਰਥਮ ਰਿਹਾ ਜਥਾ: ਨਾਮਧਾਰੀ ਸੰਗਤ ਜਲੰਧਰ ਦੇ ਸੰਤ ਬਲਬੀਰ ਸਿੰਘ (ਵਿਚਕਾਰ) ਸੁਰਿੰਦਰ ਸਿੰਘ ਹਾਰਮੋਨੀਅਮ, ਸੁਖਦੇਵ ਸਿੰਘ (ਤਬਲਾ) ਸਤਿਗੁਰੂ ਜੀ ਨੇ ਪ੍ਰੋ: ਕਿਰਪਾਲ ਸਿੰਘ ਜੀ ਨੂੰ ਇਹਨਾਂ ਦੀ ਸੰਗੀਤ ਸਿਖਸ਼ਾ ਵਾਸਤੇ ਨਿਯੁਕਤ ਕੀਤਾ ਹੋਇਆ ਹੈ।

## ਦਿਲੀ ਦਾ ਹੋਲਾ...

(ਸਫਾਂ ੧੬ ਦੀ ਬਾਕੀ)

ਸਿੰਘ ਨੂੰ ਕਿਹਾ ਜਾਇਆ ਸਿੰਘ ਇਹ ਸਾਡੀ ਤਪੋ ਭੂਮੀ ਹੈ। ਸਤਿਜੁਗ ਵਿਚ ਇਥੇ ਨਗਰੀ ਹੁੰਦੀ ਸੀ। ਇਹ ਨਦੀ ਦੁੱਧ ਦੀ ਵਗਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਨਾਦੇੜ ਵਿਚ ਕੌਤਕ ਕੀਤਾ...(ਸਾਰਾ ਇਤਿਹਾਸ ਸੁਣਾਇਆ ਗਿਆ—ਸੰਪਾਦਕ) ਅਤੇ ਨਾਭੇ ਵਿਚ ਪ੍ਰਗਟ ਹੋ ਗਏ ਅਜਾਪਾਲ ਸਿੰਘ ਦੇ ਰੂਪ ਵਿਚ ਅਤੇ ਕਈ ਕੌਤਕ ਕਰਕੇ ਹਜ਼ਰੋ ਕੋਲ ਗੁਰੂ ਬਾਲਕ ਸਿੰਘ ਜੀ ਨੂੰ ਬਖਸ਼ੀਸ਼ ਦੇ ਕੇ ਨਾਮਧਾਰੀ ਚਲਾਉਣ ਦਾ ਹੁਕਮ ਦਿਤਾ।

ਜੋ ਸਾਖੀ ਵਿਚ ਜੋ ਬਚਨ ਕੀਤੇ ਉਹਨਾਂ ਨੂੰ ਪੂਰਾ ਕੀਤਾ ਅਤੇ ਗੁਰੂ ਰਾਮ ਸਿੰਘ ਦੇ ਰੂਪ ਵਿਚ ਪ੍ਰਗਟ ਹੋ ਕੇ ਘੋਰ ਤਪੱਸਿਆ ਕੀਤੀ। ਉਹਨਾਂ ਦਾ ਆਸਨ ਭਗਤੀ ਵੱਲ ਇਕ ਗੋਡ ਧਰਤੀ ਤੋਂ ਉਪਰ ਉੱਠ ਜਾਂਦਾ ਸੀ। ਸਿੱਖਾਂ ਨੂੰ ਸਿਧੇ ਰਸਤੇ ਪਾਇਆ। ਮਾਸ ਸ਼ਰਾਬ ਛੁਡਾਇਆ। ਗੁਰੂ ਮੰਤਰ ਦੇ ਕੇ ਸੰਤ ਖਾਲਸਾ ਬਣਾਇਆ। ਸੰਤ ਸਿਪਾਹੀ ਪਰਗਟ ਕਰ ਦਿਤੇ।

ਆਪਣੇ ਆਪਣੇ ਧਰਮ ਵਿਚ ਪੱਕੇ ਰਹੋ। ਅਸੀਂ ਸੇਵਾ ਨੂੰ ਤਿਆਗ ਕੇ ਰਾਜਨੀਤੀ ਵਿਚ ਆ ਕੇ ਭਟਕ ਰਹੇ ਹਾਂ। ਸਾਨੂੰ ਭਾਈ ਘਨਈਆ ਜੀ ਦੀ ਸਾਖੀ ਯਾਦ ਰਖਣੀ ਚਾਹੀਦੀ ਹੈ। ਮਹਾਰਾਜ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲੇ ਦਾ ਸਮਾਗਮ ਰਚਿਆ ਹੈ ਬਹੁਤ ਖੁਸ਼ੀ ਹੋਈ ਹੈ।

### ਸ੍ਰੀ ਵਿਦੇਹੀ ਹਰੀ ਜੀ

ਮਹਾਂ ਮੰਡਲੇਸ਼ਵਰ ਸਵਾਮੀ ਵਿਦੇਹੀ ਹਰੀ ਜੀ ਨੇ ਕਿਹਾ :—

ਧਰਮ, ਪਰਚਾਰ ਦਾ ਨਹੀਂ ਧਾਰਨ ਦਾ ਵਿਸ਼ਾ ਹੈ। ਇਹ ਸਭਾ ਧਰਮ ਦਾ ਹੀ ਸਰੂਪ ਹੈ। ਅਜੇਹਾ ''ਇਸ ਕਿਸਮ ਦਾ ਸਮਾਗਮ ਕਦੀ ਕਦੀ ਮਿਲਦਾ ਹੈ। ਇਸ ਦਰਬਾਰ ਨੇ ਗਊ ਮਾਤਾ ਦੀ ਰਖਿਆ ਅਤੇ ਪਾਲਣਾ ਵਿਚ ਬਹੁਤ ਕੰਮ ਕੀਤਾ ਹੈ। ਸਭ ਤੋਂ ਸਰੇਸ਼ਟ ਇਹੋ ਸਥਾਨ ਹੈ।

ਚੋਧਰੀ ਸੁੰਦਰ ਸਿੰਘ ਸਾਬਕ ਐਮ.ਪੀ. ਨੇ ਵੀ ਸਭਾ ਦੀ ਸ਼ਾਂਤਮਈ ਦਾ ਜਿਕਰ ਕੀਤਾ ਉਹਨਾ ਕਿਹਾ ਸਭ ਤੋਂ ਵਧੀਆ ਮੰਦਰ ਇਨਸਾਨ ਹੀ ਹੈ...



Sri Satguru Jagjit Singh Ji eLibrary NamdhariElibrary@gmail.com

ਹਜ਼ਰਤ ਨਿਜ਼ਾਮੁੱਦੀਨ ਔਲੀਆ ਦੀ ਦਰਗਾਹ ਦੇ ਪੀਰ ਸਜਦ ਆਰਫ ਅਲੀ-ਅਨਲਮ ਅਲੀ ਪੀਰ ਨਿਜ਼ਾਮੀ ਨੇ ਕਿਹਾ ਕਿ ਮੈਂ ਕੁਰਾਨ ਸ਼ਰੀਫ਼ ਦਾ ਇਕ ਹਿੱਸਾ ਪੜ੍ਹਿਆ ਹੈ ਅਲਾਹ ਸਭ ਨੂੰ ਪਾਲਣ ਵਾਲਾ ਹੈ ਰੋਟੀ ਦੇਣ ਵਾਲਾ ਹੈ। ਮੇਰੇ ਪੀਰ ਮੁਰਸ਼ਦ ਦਿੱਲੀ ਤੋਂ ਬਾਹਰ ਗਏ ਹੋਏ ਹਨ ਉਹਨਾਂ ਮੈਨੂੰ ਹੁਕਮ ਕੀਤਾ ਇਥੇ ਆਉਣ ਲਈ। ਧਰਮ ਦਾ ਮੁਖ ਅੰਗ ਹੀ ਮਨੁਖੀ ਏਕਤਾ ਹੈ।

ਡਾ: ਵਰਮਾ ਦਾ ਕਥਿਨ ਸੀ ਕਿ ਧਰਮ ਦੇ ਜਿੰਨੇ ਖੂਨ ਖਰਾਬੇ ਕਰਾਏ ਓਨੇ ਹੀ ਸਿਰਜਨ ਦੇ ਕਾਰਜ ਵੀ ਕਰਾਏ ਹਨ। ਧਰਮ ਤਿਆਗ ਦੀ ਮੰਗ ਕਰਦਾ ਹੈ। ਹਰ ਵਾਰ ਧਰਮ ਦਾ ਸਥੀਂ ਕਤਲ ਕੀਤਾ ਗਿਆ। ਚੰਗਾ ਆਚਰਨ ਅਤੇ ਅਹਾਰ ਦੀ ਸ਼ੁਧਤਾ ਧਰਮ ਦੀ ਮੰਗ ਹੈ।

## ਸਤਿਗੁਰੂ ਜੀ

ਸਤਿਗੁਰੂ ਜੀ ਦੇ ਆਪਣੇ ਸੰਖੇਪ ਜਿਹੇ ਭਾਸ਼ਨ ਵਿਚ ਅਜ ਦੇ ਸਮੇਂ ਵਿਚ ਧਰਮ ਦੀ ਲੋੜ ਤੇ ਜ਼ੋਰ ਦਿਤਾ। ਉਹਨਾਂ ਦਸਿਆ ਕਿ ਜਪਾਨ ਵਿਚ ਸੰਸਾਰ ਧਰਮ ਕਾਨਫਰੰਸ ਸਮੇਂ ਇਹ ਪ੍ਰਸ਼ਨ ਉਠਿਆ ਕਿ ਸਰਬ ਸਾਂਝਾ ਜਾਂ Universal ਸਰਬ ਪਰਵਾਨਤ ਧਰਮ ਕੀ ਹੋ ਸਕਦਾ ਹੈ। ਉਸ ਵੇਲੇ ਸਤਿਗੁਰੂ ਜੀ ਨੇ ਜੋ ਗੱਲ ਦ੍ਰਿੜਾਈ ਉਹ ਫਰੀਦ ਜੀ ਦੀ ਬਾਣੀ ਦੀ ਤੁਕ ਸੀ:

> ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ
> ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ

ਸੋ ਸਚੁ ਧਰਮ ਹੀ ਸਰਬ ਸਾਂਝਾ ਧਰਮ ਹੈ ਅਤੇ ਇਹਨੂੰ ਦ੍ਰਿੜ ਕਰਨਾ ਚਾਹੀਦਾ ਹੈ।

## ਇਨਾਮਾਂ ਦੀ ਵੰਡ

ਧਰਮ ਸੰਮੇਲਨ ਉਪਰੰਤ ਇਨਾਮਾਂ ਦੀ ਵੰਡ ਕੀਤੀ ਗਈ।

## ਕੀਰਤਨ ਮੁਕਾਬਲੇ

### ਪਹਿਲਾ ਇਨਾਮ

| | |
|---|---|
| ਸਿਰਪਾਓ, ਕਿਟ, ਗੁਟਕਾ, ਮਾਲਾ, ਡਾਇਰੀ-ਜੰਤ੍ਰੀਨਰ ਅਤੇ ੫੦੦ ਰੁਪਿਆ ਨਕਦ | ਨਾਮਧਾਰੀ ਸੰਗੀਤ ਕੇਂਦਰ ਜਲੰਧਰ ਸੰਤ ਬਲਵੰਤ ਸਿੰਘ ਸੁਰਿੰਦਰ ਸਿੰਘ-ਸੁਖਦੇਵ ਸਿੰਘ |

### ਦੂਜਾ ਇਨਾਮ

| | |
|---|---|
| ਸੰਗ, ਮਾਲਾ ਗੁਟਕਾ, ਡਾਇਰੀ ਅਤੇ ੩੦੦/- ਰੁਪਿਆ ਨਕਦ | ਸੰਤ ਸ਼ੇਰ ਸਿੰਘ, ਧਰਮ ਸਿੰਘ, ਸੰਤੋਖ ਸਿੰਘ ਦਿੱਲੀ ਦਾ ਜਥਾ |

### ਤੀਜਾ ਇਨਾਮ

| | |
|---|---|
| ਬੰਗ, ਮਾਲਾ, ਗੁਟਕਾ, ਡਾਇਰੀ ਅਤੇ ੧੦੦ ਰੁਪੈ | ਜੁਝਾਰ ਸਿੰਘ, ਕੁਲਵੰਤ ਸਿੰਘ, ਬਲਵੰਤ ਸਿੰਘ ਬਾਲੀ ਨਗਰ ਦਿੱਲੀ ਦਾ ਜੱਥਾ |

ਇਸ ਤੋਂ ਇਲਾਵਾ ੨ ਹੌਸਲਾ ਵਧਾਊ ਇਨਾਮ ਵੀ ਦਿਤੇ ਗਏ।

## ਹਲੇ ਦੇ ਦੀਵਾਨ

੨ ਮਾਰਚ ਨੂੰ ਸਵੇਰ ਅਤੇ ਰਾਤ ਦੇ ਸਮੇਂ ਜਿਨ੍ਹਾਂ ਜਥੇਦਾਰਾਂ ਨੇ ਦੀਵਾਨ ਲਾ ਕੇ ਲਗਾਤਾਰ ਕੀਰਤਨ ਜਾਰੀ ਰਖਿਆ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ—

ਸਰਬ ਜਥੇਦਾਰ—ਸੰਤ ਅਮਰ ਸਿੰਘ ਨਕੋਦਾ, ਸੰਤ ਨਰੰਜਨ ਸਿੰਘ ਕੱਕੜ, ਪੰਡਿਤ ਗੋਪਾਲ ਸਿੰਘ ਜੀ, ਗੁਰਦੀਪ ਸਿੰਘ ਦਿੱਲੀ, ਗੁਰਦੀਪ ਸਿੰਘ ਭੈਣੀ ਸਾਹਿਬ, ਸੰਤ ਬਲਵੰਤ ਸਿੰਘ ਡਾਲਟਨ ਗੰਜ, ਬਾਬਾ ਛਿੰਦਾ ਸਿੰਘ, ਸੁਰਿੰਦਰ ਸਿੰਘ ਗਵਾਲੀਅਰ।

## ਅੰਤਲਾ ਦਿਨ

ਗਿਆਰਾਂ ਮਾਰਚ ਨੂੰ ਵਾਰੇ ਦਾ ਕੀਰਤਨ ਸ੍ਰੀ ਜੀਵਨ ਨਗਰ, ਦੁਆਬਾ ਅਤੇ ਦਿੱਲੀ ਦੇ ਜਥਿਆਂ ਨੇ ਇਕੱਠਿਆਂ ਕੀਤਾ। ਉਸ ਬਾਅਦ ਡਾਕਟਰ ਵਰਮਾ ਜੀ ਦਾ ਭਾਸ਼ਨ ਹੋਇਆ।

## ਅਨੰਦ ਕਾਰਜ

ਅਜ ੪੧ ਜੋੜਿਆਂ ਦੇ ਅਨੰਦ ਕਾਰਜ ਪੂਰਨ ਨਾਮਧਾਰੀ ਰਹੁ ਰੀਤ ਅਤੇ ਸਿਖੀ ਮਰਿਆਦਾ ਅਨੁਸਾਰ ਹੋਏ। ਚਾਲੀ ਜੋੜਿਆਂ ਦਾ ਅਨੰਦ ਕਾਰਜ ਦੋ ਗਰੁਪਾਂ ਵਿਚ ਹੋਇਆ ਬਹੁਤ ਹੀ ਸ਼ਾਂਤਮਈ ਅਤੇ ਪਵਿਤਰ ਵਾਤਾਵਰਨ ਵਿਚ ਇਹ ਅਨੰਦ ਕਾਰਜ ਹੋਏ।

ਇਕ ਲੜਕੇ ਦਾ ਅਨੰਦ ਕਾਰਜ ਹੋਣਾ ਸੀ ਪਰ ਲੜਕੀ ਨਹੀਂ ਆਈ ਸੀ। ਵਿਘਨ ਪੈ ਗਿਆ ਸੀ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਇਕ ਸਿੰਘ ਨੇ ਅਪਣੀ ਕੰਨਿਆ ਅਰਪਨ ਕੀਤੀ ਅਤੇ ਇਕਤਾਲੀਵਾਂ ਅਨੰਦ ਕਾਰਜ ਵਧੀਆ ਸੰਪਨ ਹੋਇਆ।



Sri Satguru Jagjit Singh Ji eLibrary NamdhariElibrary@gmail.com

## ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਇਨਾਮ

੯ ਤਾਰੀਖ ਨੂੰ ਸਕੂਲ ਵਲੋਂ ਕੀਤੇ ਪ੍ਰੋਗਰਾਮ ਵਿਚ ਵਧੀਆਂ ਕਾਰਕਰਦਗੀ ਲਈ ਹੇਠ ਲਿਖੇ ਅਨੁਸਾਰ ਇਨਾਮ ਦਿਤੇ ਗਏ :

**ਪਹਿਲਾ ਇਨਾਮ**—ਜਥੇਦਾਰ ਤੇਜਾ ਸਿੰਘ ਸਪੁਤਰ ਸੰਤ ਰਣਜੋਧ ਸਿੰਘ ਜੀ, ਕਲਾਸ ਛੇਵੀਂ ਇਸ ਨੇ ਹੋਲੇ ਦਾ ਦਾ ਦੀਵਾਨ ਲਾਇਆ ਸੀ।

**ਦੂਜਾ ਇਨਾਮ**—ਧਰਮ ਪਾਲ ਸਿੰਘ ਸਪੁਤਰ ਸੰਤ ਦਲਵਿੰਦਰ ਸਿੰਘ, ਤੀਸਰੀ ਸ਼੍ਰੇਣੀ—ਵਧੀਆ ਢੋਲਕ ਵਜਾਉਣ ਕਾਰਨ।

**ਤੀਜਾ ਇਨਾਮ**—ਪਰਵਿੰਦਰ ਸਿੰਘ ਸਪੁਤਰ ਸ: ਅਵਤਾਰ ਸਿੰਘ ਚੌਥੀ ਸ਼੍ਰੇਣੀ।

ਕੁਲ ੨੫ ਇਨਾਮ ਵੱਖ ਵੱਖ ਪ੍ਰਕਾਰ ਦੇ ਸਕੂਲ ਦੇ ਵਿਦਿਆਰਥੀਆਂ ਨੇ ਜਿਤੇ।

ਇਕ ਮਹੀਨਾ ਪ੍ਰੋਗਰਾਮ ਦੀ ਤਿਆਰੀ ਤੇ ਲਗਾ। ਸ: ਹਰਭਜਨ ਸਿੰਘ, ਗੁਰਦੇਵ ਸਿੰਘ ਨੇ ਸੰਗੀਤ ਨਿਰਦੇਸ਼ਨ ਕੀਤਾ। ਸਕੂਲ ਦੀਆਂ ਅਧਿਆਪਕਾਵਾਂ ਬੀਬੀ ਜਸਵੰਤ ਕੌਰ ਅਤੇ ਅਮਰਪ੍ਰੀਤ ਨੇ ਇਕ ਮਹੀਨੇ ਦੀ ਤਨਖਾਹ ਸਕੂਲ ਨੂੰ ਦਿਤੀ ਸੀ।

## ਸੰਦੇਸ਼

ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਦਸਿਆ ਕਿ ਹੋਲੇ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪ੍ਰਧਾਨ ਮੰਤਰੀ ਸ੍ਰੀ ਰਜੀਵ ਗਾਂਧੀ, ਬਾਈਲੈਂਡ ਦੇ ਅੰਬੈਸਡਰ, ਹੋਰ ਅਨੇਕਾਂ ਮੰਤਰੀਆਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਅਤੇ ਧਾਰਮਕ ਮੁਖੀਆਂ ਦੇ ਸੰਦੇਸ਼ ਆਏ ਹਨ।

## ਪਾਕਿਸਤਾਨੀ ਰਾਜਦੂਤ

ਅਨੰਦ ਕਾਰਜਾਂ ਦੀ ਰਸਮ ਵੇਖਣ ਵਾਸਤੇ ਪਾਕਿਸਤਾਨ ਦੇ ਰਾਜਦੂਤ ਅਤੇ ਉਹਨਾਂ ਦੀ ਪਤਨੀ ਵੀ ਆਏ ਹੋਏ ਸਨ। ਧਰਮ ਸੰਮੇਲਨ ਸਮੇਂ ਸ: ਬੂਟਾ ਸਿੰਘ ਕੇਂਦਰੀ ਖੇਤੀ ਮੰਤਰੀ ਵੀ ਆਏ ਸਨ। ਪਰ ਉਹਨਾਂ ਤਕਰੀਰ ਨਹੀਂ ਸੀ ਕੀਤੀ। ਦਰਅਸਲ ਕੋਈ ਵੀ ਸਿਆਸੀ ਤਕਰੀਰ ਨਾਹਰੇਬਾਜ਼ੀ ਜਾਂ ਪ੍ਰਸਤਾਵ ਸਮਾਗਮ ਸਮੇਂ ਨਹੀਂ ਹੋਏ। ਅਨੰਦ ਕਾਰਜਾਂ ਅਤੇ ਹੋਰ ਪ੍ਰੋਗਰਾਮਾਂ ਬਾਅਦ ੧੮੦ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸਤਿਗੁਰੂ ਜੀ ਦੇ ਪਰਵਚਨ ਹੋਏ।

## ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਵਚਨ

ਆਪ ਜੀ ਦੇ ਵਿਦਾਇਗੀ ਪਰਵਚਨ ਦਾ ਸਾਰ ਇਹ ਸੀ :]

—ਜਦੋਂ ਦੀ ਸ੍ਰਿਸ਼ਟੀ ਦੀ ਸਾਜਨਾ ਹੋਈ ਹੈ ਭਗਵਾਨ ਅਤੇ ਭਗਤਾਂ ਦੀ ਮੁਖਾਲਫਤ ਵੀ ਚਲਦੀ ਰਹੀ ਹੈ। ਇਤਿਹਾਸ ਵਾਚਣ ਤੋਂ ਪਤਾ ਲਗਦਾ ਹੈ ਕਿ ਬੁਰਾਈ ਅਤੇ ਨੇਕੀ ਦੀਆਂ ਫੌਜਾਂ ਵਿਚ ਜੰਗ ਲਗੀ ਹੀ ਰਹੀ ਹੈ।

—ਇਸ ਮਨੁਖ ਦੀ ਦੇਹੀ ਅੰਦਰ ਵੀ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਰੂਪੀ ਪੰਜ ਚੋਰ ਬੈਠੇ ਹਨ ਉਹਨਾਂ ਨਾਲ ਵੀ ਸਦਾ ਲੜਾਈ ਚਲਦੀ ਰਹਿੰਦੀ ਹੈ। ਧਰਮ ਵਾਲਿਆਂ ਦੀ ਅਸਲ ਲੜਾਈ ਆਪਸ ਵਿਚ ਨਹੀਂ ਇਹਨਾਂ ਬੁਰੇ ਵਿਕਾਰਾਂ ਨਾਲ ਹੈ।

ਅੱਜ ਦਿੱਲੀ ਵਿਚ ਹਿੰਦੂ ਸਿੱਖ ਮੁਸਲਮਾਨ ਇਸ ਸੰਮੇਲਨ ਤੇ ਇਕੱਠੇ ਹੋ ਕੇ ਬੈਠੇ ਹਨ ਅਜ ਦੇ ਅੰਧਕਾਰਮਈ ਸਮੇਂ ਵਿਚ ਇਹ ਇਕ ਚਾਨਣ ਮੁਨਾਰੇ ਵਾਂਗ ਹੈ। ਹਿੰਦੂਆਂ ਸਿੱਖਾਂ ਦਾ ਆਪਸ ਵਿਚ ਲੜਨਾ ਇਵੇਂ ਹੀ ਹੈ ਜਿਵੇਂ ਸਰੀਰ ਦੀ ਲੱਤ ਅਤੇ ਬਾਂਹ ਆਪਸ ਵਿਚ ਲੜ ਪਵੇ।

—ਭਗਤੀ ਦਾ ਸਬੰਧ ਕਪੜਿਆਂ ਨਾਲ ਨਹੀਂ। ਜੇ ਕਿਸੇ ਆਦਮੀ ਦੀ ਟਰੇਨਿੰਗ ਸਪਾਹੀ ਜਿੰਨੀ ਵੀ ਨਾ ਹੋਵੇ ਅਤੇ ਕਪੜੇ ਪਾ ਲਵੇ ਐਸ.ਪੀ. ਦੇ ਤਾਂ ਉਹ ਐਸ.ਪੀ. ਨਹੀਂ ਬਣ ਜਾਂਦਾ। ਪਰ ਜੇ ਕੋਈ ਸਪਾਹੀ ਹੋ ਕੇ ਵਰਦੀ ਨਹੀਂ ਪਾਉਂਦਾ ਤਾਂ ਉਹ ਸਿਪਾਹੀ ਵੀ ਨਹੀਂ। ਇਸ ਵਾਸਤੇ ਸਿੱਖੀ ਦਾ ਬਾਣਾ ਪਾ ਕੇ ਸਿੱਖਾਂ ਦੀਆਂ ਸਿਫਤਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ।

—ਦੁਨੀਆ ਤੇ ਹਥਿਆਰਾਂ ਦੀ ਦੌੜ ਲਗੀ ਹੈ ਇਹ ਵਿਨਾਸ਼ਕਾਰੀ ਦੌੜ ਹੈ ਸਾਡਾ ਯਤਨ ਹੋਣਾ ਚਾਹੀਦਾ ਹੈ ਕਿ ਕੋਈ ਭੁੱਖਾ ਨੰਗਾ ਨਾ ਰਵੇ ਸਭ ਖੁਸ਼ਹਾਲ ਹੋਣ ਅਤੇ ਬਾਅਮਨ ਰਹਿਣ।

—ਬਾਣੀ ਵਿਚ ਭਗਵਾਨ ਦੀ ਮੂਰਤਿ ਦਾ ਚਿਤ੍ਰਣ ਇਹਨਾਂ ਸ਼ਬਦਾਂ ਵਿਚ ਕੀਤਾ ਹੈ :

ਸੁਖੁ ਦੁਖੁ ਜਿਹ ਪਰਸੈ ਨਹੀ ਲੋਭ ਮੋਹ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ
ਸੋ ਮੂਰਤ ਭਗਵਾਨ

—ਆਪਣੇ ਹੱਕ ਦਾ ਦਾਨ ਕਰੇ
ਦੂਸਰੇ ਦੇ ਹੱਕ ਦੀ ਰਾਖੀ ਕਰੇ



Sri Satguru Jagjit Singh Ji eLibrary NamdhariElibrary@gmail.com

## ਕੁਝ ਐਲਾਨ

### ਤਨਜ਼ਾਨੀਆ ਵਿਚ ਹੋਲੇ ਦਾ ਸਮਾਗਮ

ਸ: ਹਰਵਿੰਦਰ ਹੰਸਪਾਲ ਜੀ ਨੇ ਐਲਾਨ ਕੀਤਾ ਕਿ ਭਾਰਤ ਵਿਚ ਹੋਲਿਆਂ ਦੇ ਨਾਲ ਹੀ ਵਿਦੇਸ਼ਾਂ ਵਿਚ ਵਸਦੀਆਂ ਸੰਗਤਾਂ ਵੀ ਹੋਲੇ ਦੀਆਂ ਅਰਜ਼ਾਂ ਕਰਦੀਆਂ ਹਨ ਅਤੇ ਅਗੇ ਯੂਗੰਡਾ, ਥਾਈਲੈਂਡ ਅਤੇ ਇੰਗਲੈਂਡ ਵਿਚ ਹੋਲੇ ਮਹੱਲੇ ਹੋ ਚੁਕੇ ਹਨ। ਇਸ ਵਾਰ ਤਨਜ਼ਾਨੀਆ (ਅਫਰੀਕਾ) ਦੀ ਸੰਗਤ ਦੀ ਬੇਨਤੀ ਤੇ ਇਹ ਸਮਾਗਮ ੨੭-੨੮-੨੯-੩੦ ਜੂਨ ਨੂੰ ਤਨਜ਼ਾਨੀਆ ਦੀ ਰਾਜਧਾਨੀ ਦਾਰ-ਅਸਲਾਮ ਵਿਖੇ ਹੋਵੇਗਾ। ੧੫ ਜੂਨ ਤੋਂ ਹੀ ਸੰਗਤਾਂ ਬੰਬਈ ਤੋਂ ਚਲਣੀਆਂ ਸ਼ੁਰੂ ਹੋ ਜਾਣਗੀਆਂ ਅਤੇ ਵਾਪਸੀ ਇਕ ਮਹੀਨੇ ਵਿਚ ਹੋਵੇਗੀ। ਰਜਿਸਟਰ ਕਰਾਇਆਂ ੭੦੦੦/- ਰੁਪੈ ਆਣ ਜਾਣ ਹੋਵੇਗਾ। ਉਥੇ ਲੰਗਰ ਅਤੇ ਰਿਹਾਇਸ਼ ਜਾਂ ਫਿਰਨ ਤੁਰਨ ਦਾ ਖਰਚ ਤਨਜ਼ਾਨੀਆਂ ਦੀ ਸੰਗਤ ਕਰੇਗੀ—ਜਾਣ ਵਾਲੀਆਂ ਸੰਗਤਾਂ ਜਨਰਲ ਸਕੱਤਰ ਨਾਮਧਾਰੀ ਦਰਬਾਰ-੪੦ ਅਸ਼ੋਕ ਰੋਡ ਨਵੀਂ ਦਿੱਲੀ ਨਾਲ ਸੰਪਰਕ ਕਰਨ। ਤਨਜ਼ਾਨੀਆ ਹੋਲੇ ਸਮੇਂ ਵੀ ਅਨੰਦ ਕਾਰਜ ਕੀਤੇ ਜਾਣਗੇ ਤਾਂ ਜੋ ਉਥੋਂ ਦੇ ਲੋਕ ਵੀ ਵੇਖ ਸਕਣ।

### ਨਾਮਧਾਰੀ ਵਿਦਿਅਕ ਸੰਮੇਲਨ

ਜੂਨ ਦੇ ਪਹਿਲੇ ਹਫਤੇ ਸ੍ਰੀ ਭੈਣੀ ਸਾਹਿਬ ਵਿਖੇ ਹੋਵੇਗਾ ਅਤੇ ਇਸ ਸਮਾਗਮ ਦੀ ਸੇਵਾ ਮੰਡੀ ਦੀ ਸਾਧ ਸੰਗਤ ਕਰੇਗੀ।

### ਅਗਲਾ ਹੋਲਾ

ਹੰਸਪਾਲ ਜੀ ਨੇ ਅਗਲੇ ਹੋਲੇ ਦੇ ਐਲਾਨ ਵਾਸਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦਾ ਨਾਮ ਲਿਆ ਪਰ ਮਹਾਰਾਜ ਜੀ ਨੇ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਅਗੇ ਮਾਈਕ ਰੱਖ ਦਿਤਾ।

ਸੰਤ ਤਰਸੇਮ ਸਿੰਘ ਜੀ ਨੇ ਐਲਾਨ ਕੀਤਾ ਕਿ ਅਗਲਾ ਹੋਲਾ ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਸੇਠ ਸੁਰਿੰਦਰ ਸਿੰਘ ਮਨਚੰਦਾ ਵਲੋਂ ਹੋਵੇਗਾ। ਇਹ ਸਤਿਗੁਰੂ ਜੀ ਦੇ ਹੁਕਮ ਰਜ਼ਾ ਵਿਚ ਹੋਵੇਗਾ ਕਿ ਹੋਲਾ ਸ੍ਰੀ ਭੈਣੀ ਸਾਹਿਬ ਹੁੰਦਾ ਹੈ ਜਾਂ ਦਿੱਲੀ ਵਿਚ।

### ਭੁਲ ਚੁਕ ਖਿਮਾ

ਦਿੱਲੀ ਦੀ ਸਮੂਚੀ ਨਾਮਧਾਰੀ ਸੰਗਤ ਫਿਰ ਫੁਲ ਭੇਟਾ ਲੈ ਕੇ ਸਤਿਗੁਰੂ ਜੀ ਦੇ ਹਜ਼ੂਰ ਹੋਈ ਅਤੇ ਪੁਰਨਮ ਅੱਖਾਂ ਨਾਲ ਹੱਥ ਬੰਨ ਕੇ ਭੁਲ ਚੁਕ ਦੀ ਖਿਮਾ ਜਾਚਨਾ ਕੀਤੀ। ਹੰਸਪਾਲ ਜੀ ਨੇ ਸਟੇਜ ਤੋਂ ਅਨਾਊਂਸ ਕੀਤਾ ਕਿ ਸਾਨੂੰ ਪਤਾ ਹੈ ਕਿ ਬਹੁਤ ਸਾਰੀਆਂ ਤਰੁਟੀਆਂ ਰਹਿ ਗਈਆਂ ਹਨ ਸਾਰੀਆਂ ਗਲਤੀਆਂ ਦੀ ਮਾਫ਼ੀ ਦਿਤੀ ਜਾਵੇ।

### ਠਾਕਰ ਦਲੀਪ ਸਿੰਘ ਜੀ

ਉਹਨਾਂ ਠਾਕਰ ਦਲੀਪ ਸਿੰਘ ਜੀ ਦਾ ਉਚੇਚਾ ਧੰਨਵਾਦ ਕੀਤਾ ਜਿਹੜੇ ਪੂਰੇ ੧੫ ਦਿਨਾਂ ਤਕ ਜਥਾ ਲੈ ਕੇ ਪਹਿਲਾਂ ਆਏ ਅਤੇ ਪਰਬੰਧ ਵਿਚ ਯੋਗਦਾਨ ਪਾਇਆ।

## ਅੰਤਿਕਾ

ਇਹ ਕੁਦਰਤੀ ਗੱਲ ਹੋ ਗਈ ਕਿ ਰਿਪੋਰਟ ਵਾਸਤੇ ਨਾ ਤਾਂ ਮੈਂ ਕੋਈ ਰਿਕਾਰਡਿੰਗ ਆਪ ਕਰ ਸਕਿਆ ਅਤੇ ਨਾ ਹੀ ਮੈਨੂੰ ਰਿਕਾਰਡਿੰਗ ਬਾਅਦ ਵਿਚ ਮਿਲੀ। ਇਸ ਵਾਸਤੇ ਜੋ ਵੀ ਉਪਰ ਲਿਖਿਆ ਗਿਆ ਹੈ ਉਹ ਲਏ ਨੋਟਾਂ ਦੇ ਆਧਾਰ ਤੇ ਹੈ। ਇਸੇ ਵਾਸਤੇ ਦਿੱਲੀ ਵਾਲੇ ਸੱਜਣਾਂ ਦੇ ਨਾਮ ਨਹੀਂ ਆ ਸਕੇ। ਪੂਰਾ ਮਾਲ ਨਾਮ ਸਿਮਰਨ ਦੀ ਵਰਖੀ ਵਰਦੀ ਰਹੀ। ਲੰਗਰ ਵਾਸਤੇ ਉਗਰਾਹੀਆਂ ਹੋਈਆਂ, ਪੰਡਾਲ ਲਈ ਢੇਰ ਫੰਡ ਅਤੇ ਜੰਗਲ ਵਿਚ ਮੰਗਲ ਲਾਇਨ ਜਿਹੀ ਤਿਆਰੀ ਹੋਈ। ਮਣਾਂ ਮੂੰਹੀਂ ਦੁਧ ਘਿਓ ਦਾਲਾਂ ਦਾ ਰੱਖ ਪਰਬੰਧ ਕੀਤਾ ਗਿਆ। ਹਜ਼ਾਰਾਂ ਲੋਕਾਂ ਨੂੰ ਬਾਹਰੋਂ ਬਾਹੀਂ ਨਹਿਲਾਇਆ ਗਿਆ। ਗੱਡੀਆਂ, ਸਾਈਕਲਾਂ, ਮੋਟਰ ਸਾਈਕਲਾਂ, ਸਕੂਟਰਾਂ, ਕਾਰਾਂ ਦੇ ਠਹਿਰਨ ਦਾ ਪਰਬੰਧ ਕੀਤਾ ਗਿਆ। ਇਹਨਾਂ ਦੇ ਕਰਨਹਾਰਾਂ ਦਾ ਨਾਮ ਲਿਖਣ ਲਗੀਏ ਤਾਂ ਫਿਰ ਵੀ ਪੂਰੇ ਨਾ ਹੋਵਣ। ਵਰਿਆਮ ਵਿਚ ਨਾਮ ਨਾ ਛਪਣ ਦਾ ਇਹ ਮਤਲਬ ਨਹੀਂ ਕਿ ਉਹਨਾਂ ਦੀ ਮਹੱਤਤਾ ਘੱਟ ਸੀ ਸਗੋਂ ਉਹਨਾਂ ਦੀ ਸੇਵਾ ਨੂੰ ਫਲ ਲਗਾ ਸੀ। ਦਿੱਲੀ ਦੀ ਸਮੁੱਚੀ ਸਾਧ ਸੰਗਤ ਗੁਰੂ ਸ਼ਰਧਾ ਵਿਚ ਭਿੱਜੀ ਹੋਈ ਦਿੱਲੀ ਦੇ ਘਲੂਘਾਰੇ ਪਿਛੋਂ ਨਾਮ ਸਿਮਰਨ ਕੀਰਤਨ ਦਾ ਏਡਾ ਵੱਡਾ ਸਮਾਗਮ ਕਰਕੇ ਸਤਿਗੁਰਾਂ ਦੀ ਮੇਹਰ ਅਤੇ ਕ੍ਰਿਤਗਤਾ ਤੋਂ ਬਲਿਹਾਰ ਹੋ ਰਹੀ ਸੀ।

ਦੋ ਦਿਨਾਂ ਬਾਅਦ ਜਦੋਂ ਮੇਲੇ ਦੇ ਸਥਾਨ ਤੇ ਮੈਂ ਮੁੜ ਕੇ ਗਿਆ ਤਾਂ ਸਾਰੀ ਉਸਾਰੀ ਦਾ ਪੁੱਟ ਪੁਟਾਈਆ ਹੋ ਰਿਹਾ ਸੀ। ਪਰ ਲੰਗਰ ਵਿਚ ਲਗਾ ਧਰ ਜੂੰ ਦਾ ਤੂੰ ਛਡਿਆ ਗਿਆ ਸੀ। ਇਹ ਕਾਰਪੋਰੇਸ਼ਨ ਦੀ ਲਾਇਬਰੇਰੀ ਅਸਥਾਨ 'ਚ ਸੀ ਅਤੇ ਸਦਾ ਲਈ ਹੋਲੇ ਦੀ ਯਾਦ ਬਣ ਗਿਆ ਸੀ।

(ਸਮਾਪਤ)



Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਂਦਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**





Sri Satguru Jagjit Singh Ji eLibrary NamdhariElibrary@gmail.com



ਸਨਮਾਨ ਪੱਤਰ

# ਮਾਸਟਰ ਨਿਹਾਲ ਸਿੰਘ ਜੀ

ਸਨਮਾਨ ਮਿਤੀ—੧੦ ਮਾਰਚ ੧੯੯੫
ਸਮਾਂ ਸਥਾਨ :—ਨਾਮਧਾਰੀ ਹੋਲਾ ਮਹੱਲਾ
ਸਤਿਗੁਰੂ ਰਾਮ ਸਿੰਘ ਨਗਰ, ਰਾਜਾ
ਗਾਰਡਨ ਚੌਕ ਰਿੰਗ ਰੋਡ ਨਵੀਂ ਦਿੱਲੀ।

ਪਰਮ ਸਤਿਕਾਰ ਯੋਗ ਸ੍ਰੀਮਾਨ ਮਾਸਟਰ ਨਿਹਾਲ ਸਿੰਘ ਜੀ ਨਾਮਧਾਰੀ ਪੰਥ ਦਾ ਕੀਮਤੀ ਸਰਮਾਇਆ ਹਨ। ਆਪ ਜੀ ਨੇ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਪਾਵਨ ਛੋਹ ਪ੍ਰਾਪਤ ਕੀਤੀ ਅਤੇ ਹੁਣ ਨਾਮਧਾਰੀ ਪੰਥ ਦੇ ਵਰਤਮਾਨ ਸੁਆਮੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀਆਂ ਮਹਾਨ ਖੁਸ਼ੀਆਂ ਦੇ ਪਾਤਰ ਬਣੇ ਆ ਰਹੇ ਹਨ। ਸਤਿਗੁਰੂ ਜੀ ਦੀ ਕਥਨੀ ਉਪਰ ਕਰਨੀ ਰੂਪ ਫੁਲ ਚੜ੍ਹਾਉਣ ਵਾਲੇ ਸ੍ਰੀਮਾਨ ਮਾਸਟਰ ਜੀ ਸਤਿਗੁਰੂ ਸਾਹਬ ਦੀ ਚਰਨਾਂ ਦੀ ਪਾਲ ਦੇ ਇਕ ਅਮੋਲਕ ਰਤਨ ਹਨ। ਅੱਜ ਪਚੱਤਰ ਸਾਲ ਦੀ ਉਮਰ ਵਿਚ ਵੀ ਦਿਨ ਰਾਤ ਸੇਵਾ ਵਿਚ ਹਾਜ਼ਰ ਰਹਿਣ ਵਾਲੇ ਮਾਸਟਰ ਨਿਹਾਲ ਸਿੰਘ ਜੀ ਨੌਜਵਾਨਾਂ ਵਾਸਤੇ ਪ੍ਰੇਰਨਾ ਸਰੋਤ ਹਨ। ਆਪ ਉਹਨਾਂ ਗੁਰਮੁਖਾਂ ਦੀ ਪਾਲ ਵਿਚ ਹਨ ਜਿਹਨਾਂ ਬਾਰੇ ਗੁਰਬਾਣੀ ਵਿਚ ਦਰਜ ਹੈ :

"ਗੁਰਮੁਖਿ ਬੁਢੇ ਕਦੇ ਨਾਹੀ"
ਜਿਨ੍ਹਾ ਅੰਤਰਿ ਸੁਰਤਿ ਗਿਆਨੁ

ਨਾਮਧਾਰੀ ਪੰਥ ਦੀ ਕਈ ਪੱਖਾਂ ਤੋਂ ਸੇਵਾ ਕਰਨ ਵਾਲੇ ਸਤਿਕਾਰ ਯੋਗ ਮਾਸਟਰ ਜੀ ਦਾ ਜਨਮ ਪਿੰਡ ਚਿਲ ਚੱਕ ਇਕ ਸੌ ਚੌਦਾਂ ਜ਼ਿਲਾ ਸ਼ੇਖੂਪੁਰਾ [ਅਜ ਕਲ ਪਾਕਿਸਤਾਨ] ਵਿਚ ਪਿਤਾ ਸੰਤ ਰੂੜ ਸਿੰਘ ਜੀ ਨਾਮਧਾਰੀ ਅਤੇ ਮਾਤਾ ਧਨ ਕੌਰ ਜੀ ਦੇ ਸ਼ੁਭ ਗ੍ਰਹਿ ਵਿਖੇ ਸੰਨ ੧੯੧੦ ਈਸਵੀ ਵਿਚ ਹੋਇਆ। ਉਸ ਜ਼ਮਾਨੇ ਵਿਚ ਵੀ ਆਪ ਨੇ ਪੰਜਾਬੀ ਵਿਚ ਆਨਰਜ਼ ਸਹਿਤ ਜੇ. ਏ. ਦੀ ਡਿਗਰੀ ਹਾਸਲ ਕੀਤੀ। ਆਪ ਜੀ ਨੇ ਉਸ ਜ਼ਮਾਨੇ ਦੀ ਆਮ ਰਵਾਇਤ ਅਨੁਸਾਰ ਆਪਣੀ ਉੱਚ ਵਿਦਿਆ ਨੂੰ ਕੇਵਲ ਧਨ ਕਮਾਉਣ ਦਾ ਸਾਧਨ ਨਹੀਂ ਬਣਾਇਆ ਸਗੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਦੇ ਕੰਮ ਨੂੰ ਉਪਜੀਵਕਾ ਵਾਸਤੇ ਚੁਣ ਕੇ ਵਿਦਿਆ ਵੰਡਣ ਦਾ ਸੱਚਾ ਅਤੇ ਸੁੱਚਾ ਰਾਹ ਅਪਣਾਇਆ। ਇਸ ਤੋਂ ਇਲਾਵਾ ਅਧਿਆਪਕ ਦੀ ਨੌਕਰੀ ਦੇ ਡਿਊਟੀ ਸਮੇਂ ਪਿਛੋਂ ਬਾਲਗਾਂ ਨੂੰ ਸਿਖਿਆ ਦੇਣ ਵਾਸਤੇ ਆਪ ਵਿਸ਼ੇਸ਼ ਕਲਾਸਾਂ ਲਾਉਂਦੇ ਰਹੇ। ਅਤੇ ਆਪ ਦੇ ਪੜ੍ਹਾਏ ਹੋਏ ਕਈ ਬਾਲਗ ਪਰਚਾਰਕ ਅਤੇ ਜਥੇਦਾਰ ਬਣ ਕੇ ਨਾਮਧਾਰੀ ਪੰਥ ਦੀ ਸੇਵਾ ਕਰਦੇ ਰਹੇ।

ਸੰਨ ੧੯੪੫ ਨੂੰ ਰਾਵਲ ਪਿੰਡੀ ਨਿਵਾਸ ਸਮੇਂ ਆਪ ਪ੍ਰਸਿੱਧ ਨਾਮਧਾਰੀ ਸ਼ਖਸੀਅਤ ਸਰਦਾਰ ਆਤਮਾ ਸਿੰਘ ਜੀ ਨਾਲ ਮਿਲ ਕੇ ਕੰਮ ਕਰਦੇ ਰਹੇ। ਆਪ ਜੀ ਸਦਾ ਸੁਖ ਧਾਮਾਂ ਦਾ ਹਿਸਾਬ-ਕਿਤਾਬ ਰਖਦੇ ਰਹੇ। ਇਸੇ ਕਾਰਨ ਹੀ ਜਦੋਂ ਖਾਲਸਾ ਸਕੂਲ ਦੇ ਪ੍ਰਬੰਧਕਾਂ ਨੇ ਆਪ ਉਤੇ ਨਾਮਧਾਰੀ ਜੀਵਨ ਵਿਚ ਜਾਣ ਦੀ ਪਾਬੰਦੀ ਲਾਈ ਤਾਂ ਆਪ ਨੇ ਮਾਇਕ



Sri Satguru Jagjit Singh Ji eLibrary NamdhariElibrary@gmail.com

ਔਕੜਾਂ ਦੀ ਪਰਵਾਹ ਨਾ ਕਰਦੇ ਹੋਏ ਨੌਕਰੀ ਤੋਂ ਤਾਂ ਅਸਤੀਫਾ ਦੇ ਦਿਤਾ ਪਰ ਪੰਥਕ ਕਾਜਾਂ ਵਲੋਂ ਆਪਣਾ ਮੁਖ ਨਹੀਂ ਮੋੜਿਆ। ਬਚਪਨ ਵਿਚ ਵੀ ਆਪ ਨੇ ਸਕੂਲ ਪੜ੍ਹਾਈ ਸਮੇਂ ਵਿਦਰੋਹ ਕੀਤਾ ਅਤੇ ਸਕੂਲ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੇ ਅਵਸਰ ਤੇ ਛੁਟੀ ਦੀ ਮੰਗ ਕੀਤੀ। ਸਾਰੀ ਜਮਾਤ ਨੇ ਆਮ ਕਰਕੇ ਅਤੇ ਆਪ ਜੀ ਨੇ ਖਾਸ ਕਰਕੇ ਸਦਾ ਛੁੱਟੀ ਪਰ ਸਤਿਗੁਰੂ ਜੀ ਦੇ ਅਵਤਾਰ ਪੁਰਬ ਦੇ ਦੀਵਾਨ 'ਚ ਜ਼ਰੂਰ ਸ਼ਾਮਲ ਹੁੰਦੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਰਖੂ ਅੱਖ ਨੇ ਆਪ ਜੀ ਦੀ ਲਗਨ ਅਤੇ ਸੱਚੀ ਸੁੱਚੀ ਭਾਵਨਾ ਨੂੰ ਝਟ ਭਾਂਪ ਲਿਆ ਅਤੇ ਅਪਣੀਆਂ ਬਖਸ਼ਸ਼ਾਂ ਦੇ ਭੰਡਾਰੇ ਖੋਹਲ ਕੇ ਆਪ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾ ਕੇ ਨਾਮਧਾਰੀ ਪੰਥ ਦੇ ਨਾਮਵਰ ਅਖ਼ਬਾਰ 'ਸਤਿਜੁਗ' ਦਾ ਸੰਪਾਦਕ ਨਿਯੁਕਤ ਕੀਤਾ। ਦੇਸ਼ ਦੀ ਵੰਡ ਬਾਅਦ ਆਪ ਦਿੱਲੀ ਆ ਗਏ। ਕੁਝ ਸਮੇਂ ਸਰਸਾ ਵਿਖੇ ਐਸ. ਡੀ. ਹਾਈ ਸਕੂਲ ਵਿਚ ਅਧਿਆਪਕ ਰਹੇ। ਸੰਨ ੧੯੫੯ ਵਿਚ ਆਪ ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਪੰਥ ਦੇ ਮਸ਼ਹੂਰ ਸਕੂਲ ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੇ ਮੁਖ ਅਧਿਆਪਕ ਨਿਯੁਕਤ ਕੀਤੇ ਗਏ। ਇਸ ਨਿਯੁਕਤੀ ਨਾਲ ਆਪ ਨੂੰ ਜਿਥੇ ਅਨੇਕਾਂ ਬੱਚਿਆਂ ਨੂੰ ਵਿਦਿਆ ਦਾ ਚਾਨਣ ਦੇਣ ਦਾ ਅਵਸਰ ਮਿਲਿਆ ਉਥੇ ਅਨੇਕਾਂ ਪੰਥਕ ਪ੍ਰੋਗਰਾਮਾਂ ਵਿਚ ਸਰਗਰਮੀ ਲਿਆਉਣ ਦਾ ਅਵਸਰ ਵੀ ਆਪ ਨੂੰ ਪ੍ਰਾਪਤ ਹੋਇਆ।

ਨੌਜਵਾਨਾਂ ਵਿਚ ਚੇਤਨਾ ਜਗਾਉਣ ਅਤੇ ਜਥੇਬੰਦੀ ਦੀ ਭਾਵਨਾ ਪੈਦਾ ਕਰਨ ਵਾਸਤੇ ਆਪ ਕੋਈ ਨਾ ਕੋਈ ਉਪਰਾਲਾ ਕਰਦੇ ਰਹਿੰਦੇ। ਸੰਨ ੧੯੬੫ ਵਿਚ ਜਦੋਂ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ ਸਥਾਪਤ ਹੋਇਆ ਤਾਂ ਆਪ ਇਸ ਦੇ ਬਾਨੀ ਪ੍ਰਧਾਨ ਥਾਪੇ ਗਏ। ਆਪ ਦੇ ਪ੍ਰਧਾਨਗੀ ਕਾਲ ਦੇ ਸੁਨਹਿਰੇ ਸਮੇਂ ਨੂੰ ਅਜ ਵੀ ਵਿਦਿਅਕ ਜਥੇ ਅਤੇ ਸਮੁੱਚੇ ਪੰਥ ਵਿਚ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

੧੯੬੮ ਵਿਚ ਸਕੂਲ ਤੋਂ ਰਿਟਾਇਰ ਹੋਣ ਉਪਰੰਤ ਵੀ ਆਪ ਸੇਵਾ ਦੇ ਕਾਰਜ ਵਿਚ ਜੁੱਟੇ ਰਹੇ ਅਤੇ ਸਕੂਲ ਦੇ ਪਰਬੰਧਕ ਨਿਯੁਕਤ ਹੋਏ। ਅਜ ਕਲ ਵੀ ਆਪ ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੇ ਸਕੱਤਰ ਹਨ। ਕਾਫੀ ਸਮੇਂ ਤੋਂ ਆਪ ਸਰਬ ਹਿੰਦ ਨਾਮਧਾਰੀ ਦਰਬਾਰ ਦੇ ਸਭ ਤੋਂ ਉਚੇ ਅਹੁਦੇ, ਪ੍ਰਧਾਨ ਦੀ ਪਦਵੀ ਤੇ ਸੁਸ਼ੋਭਿਤ ਹਨ।

ਆਪ ਜੀ ਨੇ ਨਾਮਧਾਰੀ ਪੰਥ ਦੇ ਲਿਖਤੀ ਪਰਚਾਰ ਵਾਸਤੇ ਬਹੁਤ ਮਹੱਤਵ-ਪੂਰਨ ਯੋਗਦਾਨ ਪਾਇਆ ਹੈ। ਇਸ ਸਬੰਧ ਵਿਚ ਆਪਦੀ ਨਿਰੰਤਰ ਚਲਦੀ ਕਲਮ ਨੇ ਅਨੇਕਾਂ ਲੇਖਾਂ ਅਤੇ ਰਿਪੋਰਟਾਂ ਤੋਂ ਇਲਾਵਾ ਹੇਠ ਲਿਖੀਆਂ ਪੁਸਤਕਾਂ ਵੀ ਨਾਮਧਾਰੀ ਸੰਸਾਰ ਦੀ ਝੋਲੀ ਵਿਚ ਪਾਈਆਂ ਹਨ।

| | | |
|---|---|---|
| ੧. ਬਾਲ ਸਿਖਿਆ | ੨. ਵਿਦਿਅਕ ਪੋਥੀ | ੩. ਸਤਿਗੁਰ ਸਾਖੀਆਂ |
| ੪. ਮੌਜੀ ਠਾਕਰ | ੫. ਸੀਤਲਤਾ ਦਾ ਸਰੋਤ | ੬. ਅਲੌਕਿਕ ਦਰਸ਼ਨ |
| ੭. ਚੋਜੀ ਪ੍ਰੀਤਮ | ੮. ਬੇਅੰਤ ਲੀਲਾ | ੯. Bal ghiners |
| ੧੦. Lord of Virtues | ੧੧. ਸਤਿਗੁਰੂ ਰਾਮ ਸਿੰਘ ਜੀ ਬਾਰੇ ਸੰਪਾਦਤ ਪੁਸਤਕ | ੧੨. ਬਾਈਕਾਟ |

ਵਖ ਵਖ ਸਕੂਲਾਂ ਦੀ ਨੌਕਰੀ ਸਮੇਂ ਆਪ ਨੇ ਸੇਵਾ-ਫਲ ਤੋਂ ਬਗੈਰ ਵੀ ਕਈ ਸਮਾਜਕ ਕਾਰਜ ਕੀਤੇ, ਸ੍ਰੀ ਜੀਵਨ ਨਗਰ ਵਿਦਿਆਲੇ ਵਿਚ ਵੀ ਆਪ ਕੁਝ ਦੇਰ ਤੋਂ ਬਗੈਰ ਤਨਖਾਹ ਤੋਂ ਹੀ ਸੇਵਾ ਕਰਦੇ ਰਹੇ ਹਨ। ਆਪ ਸਤਿਗੁਰੂ ਜੀ ਦੀ ਕ੍ਰਿਪਾ ਅਤੇ ਬਖਸ਼ਿਸ਼ ਦੀ ਦੇਣ ਨੂੰ ਮੰਨਦੇ ਹਨ। ਆਪ ਦਾ ਮਤ ਹੈ ਕਿ ਸਤਿਗੁਰੂ ਜੀ ਨੇ ਆਪ ਜੀ ਨੂੰ ਹਰ ਤਰ੍ਹਾਂ ਦਾ ਸੁਖ ਦਿਤਾ ਹੋਇਆ ਹੈ ਅਤੇ ਕਿਸੇ ਚੀਜ਼ ਦੀ ਤੋਟ ਨਹੀਂ ਰਹਿਣ ਦਿਤੀ।

ਪਿਆਰ, ਸੇਵਾ ਭਾਵਨਾ, ਨਿਰਮਾਣਤਾ ਅਤੇ ਸਾਦਗੀ ਦੀ ਸਾਕਾਰ ਮੂਰਤ, ਉਜਲ ਮੁਖੀ ਸਤਿਕਾਰ ਯੋਗ ਸ੍ਰੀ ਮਾਨ ਮਾਸਟਰ ਨਿਹਾਲ ਸਿੰਘ ਜੀ ਨੂੰ ਹੋਲਾ ਮਹੱਲਾ ਦਿੱਲੀ ਦੇ ਮਹਾਨ ਪੁਰਬ ਸਮੇਂ ਸਮੁੱਚੇ ਨਾਮਧਾਰੀ ਪੰਥ ਵਲੋਂ ਸਤਿਕਾਰ ਅਤੇ ਮਾਨ ਅਰਪਿਤ ਕੀਤਾ ਜਾ ਰਿਹਾ ਹੈ। ਬਾਣੀ ਵਿਚ ਲਿਖਿਆ ਹੈ: "ਜਿਨਿ ਸੇਵਿਆ ਤਿਨਿ ਪਾਇਆ ਮਾਨੁ"। ਇਹ ਸਨਮਾਨ ਇਹਨਾ ਦੀ ਮਹਾਨ ਸੇਵਾ ਦਾ ਹੀ ਹੈ।

ਇਸ ਅਵਸਰ ਤੇ ਸਿਰੋਪਾਓ ਅਤੇ ਪੰਜ ਹਜ਼ਾਰ ਰੁਪਏ ਦੀ ਮਾਇਆ ਆਪ ਨੂੰ ਭੇਟ ਕਰਦਿਆਂ ਸਮੁੱਚਾ ਨਾਮਧਾਰੀ ਪੰਥ ਆਪ ਦੀ ਘਾਲਣਾ ਨੂੰ ਸਤਿਕਾਰਦਾ ਹੈ।



Sri Satguru Jagjit Singh Ji eLibrary NamdhariElibrary@gmail.com



ਸਨਮਾਨ ਪੱਤਰ

# ਸੰਤ ਅਨੰਤਾ ਸਿੰਘ ਜੀ

ਮਿਤੀ ੧੦ ਮਾਰਚ ੧੯੯੫
ਸਥਾਨ : ਨਾਮਧਾਰੀ ਹੋਲਾ ਮਹੱਲਾ
ਸਤਿਗੁਰੂ ਰਾਮ ਸਿੰਘ ਨਗਰ, ਰਾਜਾ
ਗਾਰਡਨ ਚੌਕ, ਰਿੰਗ ਰੋਡ, ਨਵੀਂ ਦਿੱਲੀ

ਜ਼ਰਾ ਕਲਪਣਾ ਕਰੋ ਕਿ ਨਾਮਧਾਰੀਆਂ ਨੂੰ ਦੂਜੀ ਦੁਨੀਆਂ ਤੋਂ ਵਖਰਿਆਂ ਨਿਆਰਿਆਂ ਕਰਨ ਵਾਲੀ ਕਿਹੜੀ ਚੀਜ਼ ਹੈ? ਸਭ ਤੋਂ ਪਹਿਲੋਂ ਸਾਨੂੰ ਸਾਡਾ ਪਹਿਰਾਵਾ ਹੀ ਦੂਜਿਆਂ ਤੋਂ ਨਿਖੇੜਦਾ ਹੈ। ਇਸ ਪਹਿਰਾਵੇ ਵਿਚ ਪ੍ਰਮੁਖ ਵਸਤੂ ਸਿਰ ਤੇ ਸਜੀ ਸਿੱਧੀ, ਸਾਦਾ ਤੇ ਸੁੰਦਰ ਸਫੈਦ ਦਸਤਾਰ ਹੁੰਦੀ ਹੈ ਪਰ ਦੂਜੀ ਚੀਜ਼ ਸਾਡਾ ਕੁੜਤਾ ਤੇ ਚੂੜੀਦਾਰ ਪਜਾਮਾ ਹਨ। ਸਾਡੇ ਸੁਹੱਪਣ ਨੂੰ ਚਾਰ ਚੰਦ ਲਾਉਣ ਵਾਲਾ ਪਜਾਮੇ ਨਾਲ ਮਿਲਕੇ ਗੋਲ ਮੋਢੇ ਅਤੇ ਕਲੀਆਂ ਵਾਲਾ ਕੁੜਤਾ ਹੈ। ਨਾਮਧਾਰੀ ਪੁਸ਼ਾਕ ਠੀਕ ਤਰ੍ਹਾਂ ਪਹਿਨੀ ਹੋਵੇ ਤਾਂ ਮਨੁਖ ਦਾ ਵਿਅਕਤਿੱਤਵ ਪ੍ਰਭਾਵਸ਼ਾਲੀ ਤਾਂ ਬਣਦਾ ਹੀ ਹੈ ਸਤਿਕਾਰ ਯੋਗ ਵੀ ਬਣ ਜਾਂਦਾ ਹੈ।

ਅਜੋਕੀ ਨਾਮਧਾਰੀ ਪੁਸ਼ਾਕ ਦੇ ਪ੍ਰਥਮ ਕਾਟਕਾਰ ਸ੍ਰੀਮਾਨ ਸੰਤ ਅਨੰਤਾ ਸਿੰਘ ਜੀ ਦਰਜ਼ੀ ਹਨ। ਅੱਜ ਇਹ ੮੮ ਸਾਲ ਦੇ ਬਿਰਧ ਹਨ। ਲਗ ਭਗ ੭੦ ਸਾਲ ਸਿਲਾਈ ਮਸ਼ੀਨ ਚਲਾਉਂਦਿਆਂ ਸਰੀਰ ਕੁੱਬਾ ਹੋ ਗਿਆ ਹੈ। ਪਰ ਅੱਜ ਵੀ ਇਹਨਾਂ ਦੀ ਬੀਨਾਈ ਸੂਈ ਵਿਚ ਧਾਗਾ ਪਾ ਸਕਦੀ ਹੈ ਅਤੇ ਹੱਥ ਸਿੱਧਾ ਸਪਾਟ ਬਖ਼ੀਆ ਲਗਾ ਸਕਦੇ ਹਨ। ਪਿਛਲੇ ੧੮ ਸਾਲਾਂ ਤੋਂ ਇਹ ਕੰਮ ਕਾਰ ਤੇ ਜ਼ਿੰਮੇਵਾਰੀਆਂ ਵਲੋਂ ਰੀਟਾਇਰਡ ਹਨ। ੨੩ ਸਾਲ ਤੋਂ ਆਪ ਨੇ ਦਿੱਲੀ ਦੀ ਰਿਹਾਇਸ਼ ਅਖ਼ਤਿਆਰ ਕੀਤੀ ਹੋਈ ਹੈ।

ਸੰਤ ਅਨੰਤਾ ਸਿੰਘ ਜੀ ਦੀ ਮਾਤਾ ਦਾ ਨਾਮ ਫਤਹ ਕੌਰ ਅਤੇ ਪਿਤਾ ਦਾ ਨਾਮ ਭਾਈ ਵੀਰ ਸਿੰਘ ਸੀ। ਇਹ ਗੁਰੂ ਹਰੀ ਸਿੰਘ ਜੀ ਤੋਂ ਵਰੋਸਾਏ ਹੋਏ ਸਨ। ਸ੍ਰੀ ਭੈਣੀ ਸਾਹਿਬ ਤੋਂ ਦੋ ਢਾਈ ਕਿਲੋਮੀਟਰ ਦੂਰ ਪਿੰਡ ਟੇਢੇਵਾਲ ਵਿਚ ਰਹਿੰਦੇ। ਭੈਣੀ ਸਾਹਿਬੋਂ ਸਾਧ ਸੰਗਤ ਦੇ ਬਸਤਰ ਸਿਊਣ ਲਈ ਮਾਪ ਅਤੇ ਕਪੜਾ ਟੇਢੇ ਵਾਲ ਲੈ ਜਾਂਦੇ, ਸਿਉਂ-ਬਣਾ ਕੇ ਵਾਪਸ ਦੇ ਜਾਂਦੇ। ਪਰ ਫੇਰ, ਭੈਣੀ ਸਾਹਿਬ ਵਿਚ ਵੀਰ ਸਿੰਘ ਜੀ ਨੇ ਅਪਣਾ ਮੁਸਤਕਿਲ ਘਰ ਬਣਾ ਲਿਆ। ਗੁਰੂ ਘਰ ਅਤੇ ਸਾਧ ਸੰਗਤ ਦੇ ਬਸਤਰਾਂ ਦੀ ਸੇਵਾ ਕਰਨ ਲਗੇ।

ਸ੍ਰੀ ਭੈਣੀ ਸਾਹਿਬ ਵਿਚ ਹੀ ਭਾਈ ਵੀਰ ਸਿੰਘ ਜੀ ਦੇ ਘਰ ਤਿੰਨ ਲੜਕੇ ਹੋਏ। ਵੱਡਾ ਸ੍ਰੀ ਸੰਤ ਸਿੰਘ ਜੁ ਜਵਾਨੀ ਵਿਚ ਹੀ ਪੂਰਾ ਹੋ ਗਿਆ। ਦੂਜੇ ਇਹ, ਸੰਤ ਅਨੰਤਾ ਸਿੰਘ ਜੀ ਅਤੇ ਤੀਜੇ ਸੰਤ ਜਗਤ ਸਿੰਘ ਜੀ ਹੁਣ ਵੀ ਸ੍ਰੀ ਭੈਣੀ ਸਾਹਿਬ ਵਿਚ ਨਿਵਾਸ ਰਖਦੇ ਕੰਮ ਕਰਦੇ ਹਨ। ਇਕ ਲੜਕੀ ਸੀ ਸੰਤ ਕੌਰ ਜਿਹਦੀ ਸੰਤਾਨ ਸੰਤ ਹਰਭਜਨ ਸਿੰਘ ਸਟੈਨੋਂ ਦਿੱਲੀ ਵਿਚ ਸਤਿਗੁਰੂ ਜੀ ਦੇ ਸੇਵਕ ਹਨ।

ਸੰਤ ਅਨੰਤਾ ਸਿੰਘ ਜੀ ਨੂੰ ਇਹ ਗੌਰਵ ਹਾਸਲ ਹੈ ਕਿ ਇਹਨਾਂ ਰਾਹੀਂ ਹੀ ਨਵੇਕਲੀ ਨਿਆਰੀ ਕਾਟ ਦਾ ਕਲੀਆਂ ਵਾਲਾ ਨਾਮਧਾਰੀ ਕੁੜਤਾ ਵਜੂਦ ਵਿਚ ਆਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਵਾਨੀ ਸਮੇਂ ਨਾਮਧਾਰੀ ਸੰਗਤ, ਲਹੌਰੀ ਫੈਸ਼ਨ ਦਾ ਕੱਛਿਆਂ ਤੇ ਖੁਲ੍ਹੇ ਬਾਜੂਆਂ ਵਾਲਾ ਕੁੜਤਾ ਪਹਿਨਿਆ ਕਰਦੀ ਸੀ। ਆਮ ਪਹਿਰਾਵੇ ਤੋਂ ਵੱਖਰਾ ਕਰਨ ਲਈ ਸਤਿਗੁਰੂ ਜੀ ਨੇ ਆਪ ਨੂੰ ਇਕ ਆਕਰਸ਼ਕ ਡੀਜ਼ਾਇਨ ਦਾ ਕੁੜਤਾ ਬਣਾਣ ਦਾ ਕਾਰਜ ਸੌਂਪਿਆ। ਅਨੰਤਾ ਸਿੰਘ ਜੀ ਨੇ ਅਗਲੇਰੇ ਦਿਨ ਹੀ ਸਤਿਗੁਰੂ ਜੀ ਦੇ ਮੇਚ ਦਾ ਇਕ ਕੁੜਤਾ ਜਾ ਪੇਸ਼ ਕੀਤਾ। ਇਸ ਕੁੜਤੇ ਨੂੰ ਗਲਮੇ ਅਤੇ ਮੋਢਿਆਂ ਉਤੇ ਮੱਲੋ ਅਤੇ ਗਲੇ ਦੇ ਨਾਲ ਮੋਢਿਆਂ ਵਲ ਘਟਨ ਸਨ। ਸਤਿਗੁਰੂ ਜੀ ਨੇ ਖੁਦ ਪਹਿਨ ਕੇ ਵੇਖਿਆ ਅਤੇ ਇਸਦਾ ਢਿੱਲਾ ਢਾਲਾ ਪ੍ਰਭਾਵ ਵੇਖਕੇ ਨਾ-ਪਸੰਦ ਕਰ ਦਿਤਾ।



Sri Satguru Jagjit Singh Ji eLibrary NamdhariElibrary@gmail.com

ਅਨੰਤਾ ਸਿੰਘਜੀ ਨੇ ਫੇਰ ਜਤਨ ਕੀਤਾ। ਵੱਖੀਆਂ ਪਾਸੇਂ ਥੋੜਾ ਖੁਲ੍ਹਾ ਦੇ ਕੇ ਕੱਟਿਆ ਅਤੇ ਐਸੀ ਚੁਸਤ ਨਾਲ ਤਿਆਰ ਕਰ ਲਿਆਂਦਾ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਨਦਿਆਂ ਹੀ ਬਾਗ਼ ਬਾਗ਼ ਹੋ ਗਏ। ਤਦ ਤੋਂ ਨਾਮਧਾਰੀਆਂ ਵਿਚ ਮੋਢੇ ਤੇ ਗਲਮੇ ਵਾਲਾ ਤੇ ਖ਼ਮਦਾਰ ਤਰੀਜਾਂ ਵਾਲਾ ਕੁਰਤਾ ਪ੍ਰਚਲਤ ਹੋ ਗਿਆ। ਪਰ ਉਸਦੀ ਵੀ ਇਕ ਦਿੱਕਤ ਸੀ। ਉਸਦੇ ਲਾਹੁਣ ਪਾਉਣ ਨਾਲ ਦਸਤਾਰ ਅਸਤ ਵਿਅਸਤ ਹੋ ਜਾਂਦੀ ਸੀ। ਸੋ ਮੋਢੇ ਤੇ ਗਲਮੇ ਦੀ ਥਾਂ, ਗਲਮਾ ਸਾਹਮਣੇ ਦੀ ਵਿਉਂਤ ਕੀਤੀ ਗਈ ਜੁ ਅਜ ਤਕ ਮਕਬੂਲ ਹੁੰਦੀ ਚਲੀ ਆ ਰਹੀ ਹੈ।

ਸੰਤ ਅਨੰਤਾ ਸਿੰਘ ਜੀ ਨੇ ਆਪਣੇ ਜੀਵਨ ਵਿਚ ਲਖਾਂ ਗਜ਼ ਕਪੜਾ ਤੇ ਕਰੋੜਾਂ ਗਜ਼ ਧਾਗਾ ਨਾਮਧਾਰੀ ਸੰਗਤਾਂ ਦੀਆਂ ਪਹਿਰਾਵੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਿਆ ਹੈ। ਸਿਆਸਤ ਨਾਲ ਲਗਾਉ ਰਖਣ ਕਰਕੇ ਆਪ ਨੇ ਦੇਸ਼ ਅਤੇ ਦੁਨੀਆਂ ਦੇ ਮਸਲਿਆਂ ਨੂੰ ਵਿਚਾਰਦਿਆਂ ਲਖੂਖਾਂ ਪੁਸ਼ਾਕਾਂ ਸਿਉਂ ਕੇ ਨਾਮਧਾਰੀ ਸੰਗਤਾਂ ਦੀ ਸੇਵਾ ਕੀਤੀ ਹੈ। ਅੱਜ ਇਸ ਪਹਿਰਾਵੇ ਦੀ ਪੰਜੇ ਬੱਰੇ-ਆਜ਼ਮਾਂ ਵਿਚ ਪਹੁੰਚ ਹੈ। ਸਭ ਥਾਵਾਂ ਦੇ ਨਾਮਧਾਰੀ ਇਸ ਕਾਟ ਦੇ ਕੁੜਤੇ ਪਜਾਮੇ ਪਹਿਨਦੇ ਤੇ ਖ਼ਾਸ ਮੌਕਿਆਂ ਲਈ ਸੰਭਾਲ ਕੇ ਰਖਦੇ ਹਨ।

ਸੰਤ ਅਨੰਤਾ ਸਿੰਘ ਜੀ ਦਾ ਸਭ ਤੋਂ ਛੋਟਾ ਲੜਕਾ, ਸੰਤ ਜਸਵੰਤ ਸਿੰਘ ਕਰੋਲਬਾਗ ਦੀ ਇਕ ਛੋਟੀ ਜਿਹੀ ਦੁਕਾਨ ਵਿਚ ਸਿਲਾਈ ਕਰਦਾ ਇੰਗਲੈਂਡ, ਅਮਰੀਕਾ, ਕੈਨੇਡਾ, ਅਫਰੀਕਾ, ਅਸਟ੍ਰੇਲੀਆ, ਥਾਈਲੈਂਡ ਅਤੇ ਖਾੜੀ ਦੇ ਮੁਲਕਾਂ ਦੇ ਨਾਮਧਾਰੀਆਂ ਨੂੰ ਸੁੰਦਰ ਪਹਿਰਾਵਾ ਤਿਆਰ ਕਰਕੇ ਦਿੰਦਾ ਹੈ।

ਕੋਟ ਪੈਂਟ ਤੇ ਕਮੀਜ਼ਾਂ ਬੁਸ਼ਰਟਾਂ ਵਾਲੇ ਵੀ ਸੰਤ ਜਸਵੰਤ ਸਿੰਘ ਤੇ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀਆਂ ਲੋੜਾਂ ਵੀ ਸੁੰਦਰ ਸਿਲਾਈ ਪੂਰੀਆਂ ਕਰੇ ਪਰ ਸਤਿਗੁਰਾਂ ਦੀ ਕਿਰਪਾ ਨਾਲ ਉਨ੍ਹਾਂ ਨੂੰ ਅਰਥਾਤ ਪਛਮੀ ਪਹਿਰਾਵੇ ਨੂੰ ਜਵਾਬ ਹੀ ਮਿਲਦਾ ਹੈ। ਦੂਜੇ ਪਾਸੇ ਭਾਰਤ ਦੇ ਸਤਿਕਾਰ ਯੋਗ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਆਪਣੇ ਪਹਿਰਾਵੇ ਦੇ ਕੁਰਤਾ ਪਜਾਮਾ ਇਸ ਤੋਂ ਹੀ ਸਿਵਾਂਦੇ ਹਨ

ਸੰਤ ਅਨੰਤਾ ਸਿੰਘ ਜੀ ਦੀ ਸੰਤਾਨ ਵਿਚੋਂ ਸਭ ਤੋਂ ਵੱਡਾ ਲੜਕਾ ਸੰਤ ਸੇਵਾ ਸਿੰਘ ਤੇ ਉਸ ਤੋਂ ਛੋਟਾ ਸੰਤ ਹਰਬੰਸ ਸਿੰਘ ਉਹਨਾਂ ਨੂੰ ਜੀਵਨ ਵਿਛੋੜਾ ਦੇ ਗਏ ਹਨ ਪਰ ਤੀਸਰਾ ਸੰਤ ਗੁਰਬਖਸ਼ ਸਿੰਘ ਸਾਧ ਸੰਗਤ ਦਾ ਸੇਵਕ ਹੈ। ਦੋ ਲੜਕੀਆਂ ਹਨ। ਵੱਡੀ ਬੀਬੀ ਕਰਤਾਰ ਕੌਰ ਜੁੱਤੀਆਂ ਦੇ ਸੰਤ ਸਾਧੂ ਸਿੰਘ ਨਾਲ ਵਿਵਾਹਤ ਹੈ। ਇਹ ਦਿੱਲੀ ਦੇ ਸੰਤ ਨਗਰ ਦੇ ਵਸਨੀਕ ਹਨ ਅਤੇ ਸ੍ਰੀ ਸਤਿਗੁਰੂ ਜੀ ਵਾਸਤੇ ਸੁੰਦਰ ਅਚਕਨਾਂ ਦੇ ਨਿਰਮਾਤਾ ਹਨ ਇਹਨਾਂ ਦੀ ਸਿਲੀ ਅਚਕਨ ਦਾ ਕੋਈ ਮੁਕਾਬਲਾ ਨਹੀਂ। ਛੋਟੀ ਸਪੁਤਰੀ ਪਾਲ ਕੌਰ ਸਰਸਾ ਜ਼ਿਲੇ ਦੇ ਪਿੰਡ ਸੰਤ ਨਗਰ ਵਿਚ ਵਸਦੇ ਸੰਤ ਕੇਹਰ ਸਿੰਘ ਦੀ ਸੁਪਤਨੀ ਹੈ। ਇਹ ਨੇੜੇ ਦੀ ਇਲਾਕਾ ਜੀਵਨ ਨਗਰ ਨੂੰ ਨਾਮਧਾਰੀ ਵਸਤਰਾਂ ਨਾਲ ਸ਼ਿੰਗਾਰਦੀ ਹੈ। ਦਿੱਲੀ ਹੋਲਾ ੧੯੮੫ ਦੇ ਪੰਡਾਲ ਵਿਚ ਬੈਠੇ ਨਾਮਧਾਰੀ ਆਪਣੀਆਂ ਪੁਸ਼ਾਕਾਂ ਵਲ ਧਿਆਨ ਮਾਰਨ ਤਾਂ ਪਤਾ ਲਗੇਗਾ ਕਿ ਸੰਤ ਅਨੰਤਾ ਸਿੰਘ ਜੀ ਦੀ ਕਰਾਮਾਤ ਕਿਸੇ ਨ ਕਿਸੇ ਰੂਪ-ਵਿਚ ਉਹਨਾਂ ਦੇ ਨੇੜੇ ਹੈ।

ਵਰਤਮਾਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਲਿਬਾਸ ਦੇ ਸੱਚੇ ਤੌਰ ਤੇ ਹੀ ਸਹਾਰੇ ਹਨ। ਬਜ਼ੁਰਗ ਨੂੰ ਵੀ ਸ੍ਰੀ ਹਜ਼ੂਰ ਨੇ ਆਪਣੇ ਧਿਆਨ ਵਿਚ ਲੈ ਲਿਆ ਅਤੇ ਦਿੱਲੀਓਂ ਸ੍ਰੀ ਭੈਣੀ ਸਾਹਿਬ ਲੈ ਗਏ। ਇਹਨਾਂ ਦੇ ਕਪੜਾ-ਕਾਟ ਗਿਆਨ ਨੂੰ ਸੰਭਾਲਣ ਹਿਤ ਸ੍ਰੀ ਭੈਣੀ ਸਾਹਿਬ ਦੀਆਂ ਲੜਕੀਆਂ ਨੂੰ ਕਾਤਿਆਂ ਦੀ ਕਢਾਈ ਸਿਲਾਈ ਲਈ ਆਪ ਦੀਆਂ ਸ਼ਾਗਿਰਦ ਬਣਾ ਦਿਤਾ। ਅੱਜ ਉਹ ਸਾਰੀਆਂ ਸੱਚੀਆਂ ਨਾਮਧਾਰੀ ਵਸਤਰ ਸਿਲਾਈ ਦੀ ਮੁਹਾਰਤ ਰਖਦੀਆਂ ਹਨ। ਸੰਤ ਅਨੰਤਾ ਸਿੰਘ ਜੀ ਦਾ ਹੀ ਇਹ ਸੁਭਾਗ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਮਹਿਲ, ਮਾਤਾ ਚੰਦ ਕੌਰ ਜੀ ਨੇ ਵੀ ਇਹਨਾਂ ਤੋਂ ਨਾਮਧਾਰੀ ਵਸਤਰਾਂ ਦੀ ਕਾਟ ਸਿਲਾਈ ਦੀ ਸਿਖਿਆ ਪ੍ਰਾਪਤ ਕੀਤੀ ਹੈ।

ਹੋਲਾ ਮਹੱਲਾ ੧੯੮੫ ਦਿੱਲੀ ਦੇ ਇਸ ਸੁਹਾਵਣੇ ਅਤੇ ਸ਼ਾਨਦਾਰ ਸਮਾਗਮ ਸਮੇਂ ਨਾਮਧਾਰੀ ਸੰਗਤ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਸ ਉਮਰ ਪੁੱਗੇ ਬਿਰਧ ਤੇ ਕਰਾਮਾਤ ਸੇਵਕ ਦਾ ਵਿਸ਼ੇਸ਼ ਸਤਿਕਾਰ (ਪਦਵੀ—ਪੰਥ ਰਤਨ, ਸਿਰੋਪਾਉ ਅਤੇ ੫੦੦੦/-) ਕਰਕੇ ਗੁਰੂ ਘਰ ਅਤੇ ਨਾਮਧਾਰੀ ਸਮਾਜ ਦੇ ਇਸ ਨਿਰਮਾਣ ਵਿਅਕਤੀ ਨੂੰ ਪੁਰਸਕ੍ਰਿਤ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

# ਚੌਗਿਰਦਾ

## ਦਰਬਾਰ ਸਾਹਿਬ ਦੇ ਗੇਟਾਂ ਅਗੋਂ ਬੋਰਡ ਲਾਹ ਦਿਤੇ

ਅੰਮ੍ਰਿਤਸਰ—ਇਸਤਰੀ ਅਕਾਲੀ ਦਲ ਦੇ ਕੁਝ ਇਸਤਰੀ ਵਰਕਰਾਂ ਨੇ ਦਰਬਾਰ ਸਾਹਿਬ ਸਮੂਹ ਦੇ ਦਾਖਲੇ ਗੇਟਾਂ ਤੇ ਲਗੇ ਬੋਰਡ ਲਾਹ ਦਿਤੇ ਜਿਨ੍ਹਾਂ ਤੇ ਲਿਖਿਆ ਹੋਇਆ ਸੀ ਕਿ ਅਸਲ੍ਹਾ ਲੈ ਕੇ ਦਰਬਾਰ ਸਾਹਿਬ ਵਿਚ ਆਉਣਾ ਮਨ੍ਹਾਂ ਹੈ। ਇਸ ਤੋਂ ਪਹਿਲਾਂ ਕੁਝ ਵਰਕਰਾਂ ਨੇ ਇਹਨਾਂ ਬੋਰਡਾਂ ਤੇ ਕਾਲੀ ਸਿਆਹੀ ਥੱਪ ਦਿਤੀ। ਮਾਮਲਾ ਸਿੰਘ ਸਾਹਿਬਾਨ ਅਤੇ ਸ਼ਰੋਮਣੀ ਕਮੇਟੀ ਅਧਿਕਾਰੀਆਂ ਦੇ ਨੋਟਿਸ ਵਿਚ ਲਿਆਂਦਾ ਗਿਆ ਹੈ।

## ਫਸਾਦਾਂ ਤੇ ਕਾਬੂ ਪਾਉਣ ਲਈ ਖੁਰਕ ਵਾਲੀਆਂ ਗੋਲੀਆਂ

ਨਵੀਂ ਦਿਲੀ—ਹੁਣ ਫਸਾਦਾਂ ਤੇ ਕਾਬੂ ਪਾਉਣ ਲਈ ਅਜਿਹੀਆਂ ਗੋਲੀਆਂ ਬਣਾ ਲਈਆਂ ਗਈਆਂ ਹਨ ਕਿ ਲਗਦੇ ਸਾਰ ਹੀ ਸਾਰੇ ਸਰੀਰ ਵਿਚ ਖੁਰਕ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਇਸਨਾਨ ਕਰਨ ਤੇ ਹੀ ਇਸ ਤੋਂ ਮੁਕਤੀ ਮਿਲ ਸਕੇਗੀ।

ਫਿਲੀਪੀਨ ਦੀ ਸੰਵਾਦ ਕਮੇਟੀ ਦੇ ਅਨੁਸਾਰ ਇਸ ਤਰ੍ਹਾਂ ਦੀਆਂ ਗੋਲੀਆਂ ਨੂੰ ਬੰਦੂਕ 'ਚ ਛਡਿਆ ਜਾ ਸਕਦਾ ਹੈ ਅਤੇ ਗੋਲੀ ਲੱਗਣ ਵਾਲੇ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

ਇਸ ਤਰ੍ਹਾਂ ਦੀ ਗੋਲੀ ਨੂੰ ਇਕ ਜੰਗਲੀ ਰੁੱਖ ਲੀਪੋ ਤੋਂ ਬਣਾਇਆ ਜਾਂਦਾ ਹੈ ਜਿਸ ਨੂੰ ਵਿਗਿਆਨਕ ਪਾਊਡਰ ਵਿਚ ਪਾ ਦਿਤਾ ਜਾਂਦਾ ਹੈ।

## ਪ੍ਰਮਾਣੂ ਐਨਕਾਂ

ਬਰਤਾਨੀਆਂ ਦੀ ਇਕ ਫਰਮ ਇਕ ਐਸੀ ਐਨਕ ਤਿਆਰ ਕਰ ਰਹੀ ਹੈ ਜਿਸ ਦੇ ਸ਼ੀਸ਼ੇ ਪ੍ਰਮਾਣੂ ਵਿਸਫੋਟਾਂ ਸਮੇਂ ਅਖਾਂ ਦੀ ਰਾਖੀ ਕਰਨਗੇ।

ਪ੍ਰਮਾਣੂ ਧਮਾਕਿਆਂ ਦੇ ਸਮੇਂ ਜਿਹੜੇ ਲੋਕਾਂ ਦੀਆਂ ਅੱਖਾਂ ਧਮਾਕੇ ਵਾਲੇ ਪਾਸੇ ਹੋਣਗੀਆਂ ਉਹ ਮਹਾਂ ਤੇਜ਼ ਤਾਬ ਕਰਕੇ ਅੰਨ੍ਹੀਆਂ ਹੋ ਸਕਦੀਆਂ ਹਨ। ਹਵਾਈ ਜਹਾਜ਼ਾਂ ਦੇ ਪਾਇਲਟ ਤਾਂ ਖਾਸ ਕਰਕੇ ਸ਼ਿਕਾਰ ਹੋ ਸਕਦੇ ਹਨ।

ਬਰਤਾਨੀਆ ਦੀ ਕੰਪਿਊਟਰ ਬਣਾਣ ਵਾਲੀ ਮਸ਼ਹੂਰ ਕੰਪਨੀ ਪਲੈਸੀ ਨੇ ਬਚਾਓ ਵਾਸਤੇ ਸ਼ੀਸ਼ੇ ਤਿਆਰ ਕੀਤੇ ਹਨ ਜਿਨ੍ਹਾਂ ਵਿਚ ਚਾਨਣ ਦੇ ਬਿਪਰਾਓ ਅਤੇ ਪਿਤਲੀ ਅੱਖਾਂ ਦੇ ਚਲਨ ਨਾਲ ਡੀਜ਼ਾਈਨ ਕੀਤੇ ਗਏ ਹਨ।

## ਤੰਬਾਕੂ ਨੋਸ਼ੀ ਨਾਲ ਹਰ ਸਾਲ ਪੰਜ ਲਖ ਮਰਦੇ ਹਨ

ਨਿਊਯਾਰਕ—ਯੂ. ਐਨ. ਆਈ. ਦੀ ਇਕ ਖਬਰ ਅਨੁਸਾਰ ਪਿਛਲੇ ਵੀਹਾਂ ਸਾਲਾਂ ਵਿਚ ਤੰਬਾਕੂ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਤੋਂ ਮਰਨ ਵਾਲਿਆਂ ਦੀ ਗਿਣਤੀ ਦੁਗਣੀ ਹੋ ਗਈ ਹੈ। ਆਬਾਦੀ ਅਤੇ ਪ੍ਰਗਤੀ ਦੇ ਅਨੁਸਾਰ ਇਹਨਾਂ ਦੀ ਗਿਣਤੀ ਹੁਣ ਪੰਜ ਲਖ ਸਾਲਾਨਾ ਹੈ।

ਅਮਰੀਕਾ ਦੇ ਸ਼ਹਿਰ ਬੇਥਸਡਾ B.thesda ਮੈਰੀਲੈਂਡ ਵਿਚ ਸਥਾਪਿਤ ਵਰਲਡ ਹੈਲਥ ਸਰਵੇ ਦੇ ਡਾਇਰੈਕਟਰ ਆਰ. ਟੀ. ਰੈਵਨ ਹਾਲਟ ਅਨੁਸਾਰ ਜਿੰਨੀ ਦੇਰ ਤਕ ਤੰਬਾਕੂ ਨੋਸ਼ੀ ਦੀ ਮਾਤਰਾ ਬਹੁਤ ਜ਼ਿਆਦਾ ਘਟਾ ਨਹੀਂ ਦਿਤੀ ਜਾਂਦੀ ਓਨੀ ਦੇਰ ਤਕ ਕੋਈ ਸੁਧਾਰ ਹੋਣ ਦੀ ਸੰਭਾਵਨਾ ਨਹੀਂ।

ਰੈਵਨ ਹਾਲਟ ਨੇ ਇਕ ਵਾਰਤਾਲਾਪ ਵਿਚ ਕਿਹਾ ਕਿ ੧੯੮੪ ਵਿਚ ਢਾਈ ਲੱਖ ਮੌਤਾਂ ਤੰਬਾਕੂ ਨੋਸ਼ੀ ਕਾਰਨ ਸਮਝੀਆਂ ਜਾਂਦੀਆਂ ਸਨ। ਮਾਹਰ ਇਸ ਦੀ ਅਜ ਦੀ ਗਿਣਤੀ ਸਾਢੇ ਤਿੰਨ ਲੱਖ ਦਸਦੇ ਹਨ ਪਰ ਇਸ ਗਿਣਤੀ ਵਿਚ ਤੰਬਾਕੂ ਪੀਣ ਕਾਰਨ ਮਰਨ ਵਾਲਿਆਂ ਸਾਰਿਆਂ ਦੀ ਗਿਣਤੀ ਨਹੀਂ ਆਉਂਦੀ।

ਰੈਵਨਹਾਲਟ ਨੇ ਕਿਹਾ ਕਿ ਅਮਰੀਕਾ ਦੇ ਖੇਤੀਬਾੜੀ ਤੇ ਮੌਸਮਪਰੋਫ ਦੇ ਮਹਿਕਮਿਆਂ ਦੇ ਅੰਕੜਿਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਹਰ ਸਾਲ ਤੰਬਾਕੂ ਪੀਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਪੰਜ ਲੱਖ ਹੈ।

## ਫੈਜ਼ ਦੇ ਜਨਮ ਦਿਨ ਉਤੇ ਪਾਬੰਦੀ

ਇਸਲਾਮਾਬਾਦ — ਉਰਦੂ ਦੇ ਨਾਮਵਰ ਸ਼ਾਇਰ ਫੈਜ਼ ਅਹਿਮਦ ਫੈਜ਼ ਭਾਵੇਂ ਇਸ ਜਹਾਨ ਫਾਨੀ ਤੋਂ ਚਲਾ ਗਿਆ ਹੈ ਪਰ ਉਸ ਦੀ ਇਨਕਲਾਬੀ ਸ਼ਕਤੀ ਅਜੇ ਵੀ ਪਾਕਿਸਤਾਨ ਦੇ ਅਧਿਕਾਰੀਆਂ ਨੂੰ ਪਰੇਸ਼ਾਨ ਕਰ ਰਹੀ ਹੈ।

ਫੈਜ਼ ਦੇ ਜਨਮ ਦਿਨ ਮਨਾਉਣ ਉਤੇ ਲਗੀਆਂ ਪਾਬੰਦੀਆਂ ਕਾਰਨ ਉਸ ਦੇ ਅਣਗਿਣਤ ਮਦਾਹਾਂ ਨੂੰ ਮਾਯੂਸੀ ਹੋਈ ਹੈ। ਪਾਬੰਦੀ ਸੂਬਾ ਤਹਿਰੀਕੇ ਇਸਤਕਲਾਲ ਪਾਰਟੀ ਦੇ ਮੁਖੀ ਰਿਟਾਇਰਡ ਏਅਰ ਮਾਰਸ਼ਲ ਅਸਗਰ ਖਾਂ ਨੇ ਕਿਹਾ ਹੈ ਕਿ ਅਜਿਹਾ ਫੈਸਲਾ ਬਹੁਤ ਸ਼ਰਮਨਾਕ ਹੈ। ਖਾਸ ਕਰ ਜਦੋਂ ਕਿ ਮਹਾਨ ਸ਼ਾਇਰ ਸਾਡੇ ਕੋਲ ਨਹੀਂ ਹੈ।

ਏਅਰ ਮਾਰਸ਼ਲ ਨੇ ਕੌਮੀ ਸ਼ਾਇਰ ਹਬੀਬ ਜਾਲਿਬ ਨੂੰ ਸਿੰਧ ਵਿਚੋਂ ਕਢਣ ਦੇ ਫੈਸਲੇ ਨੂੰ ਵੀ ਨਿੰਦਿਆ। ਜਾਲਬ



Sri Satguru Jagjit Singh Ji eLibrary NamdhariElibrary@gmail.com

ਕਰਾਚੀ ਵਿਚ ਆਪਣਾ ਪਚੰਜਵਾਂ ਜਨਮ ਦਿਨ ਮਨਾਉਣ ਗਿਆ ਸੀ।

ਇਕ ਬਿਆਨ ਵਿਚ ਅਸਗਰ ਖਾਂ ਨੇ ਕਿਹਾ ਕਿ ਜਿਹੜੀ ਸਰਕਾਰ ਇਕ ਕਵੀ ਦੀ ਕਵਿਤਾ ਬਰਦਾਸ਼ਤ ਨਹੀਂ ਕਰ ਸਕਦੀ, ਲੋਕ ਆਪ ਹੀ ਉਸ ਦੀ ਕਾਰਜ ਕੁਸ਼ਲਤਾ ਦਾ ਅੰਦਾਜ਼ਾ ਲਾ ਸਕਦੇ ਹਨ।

ਪੰਜਾਬ ਸਰਕਾਰ ਨੇ ਇਕ ਹਫਤਾਵਾਰੀ ਅਖਬਾਰ "ਅਵਾਮੀ ਜਮਹੂਰੀਅਤ" ਨੂੰ ਇਸ ਕਾਰਨ ਨੋਟਿਸ ਦਿਤਾ ਕਿ ਉਸ ਵਿਚ ਫੈਜ਼ ਦੀ ਨਜ਼ਮ ਛਪ ਗਈ ਸੀ।

## ਕੰਪਿਊਟਰ ਵਲੋਂ ਪੁਸਤਕਾਂ ਦੀ ਪੜ੍ਹਾਈ

ਮਾਸਕੋ— (ਤਾਸ) ਇਸਟੋਨੀਆਈ ਵਿਗਿਆਨ ਅਕਾਦਮੀ ਦੇ ਭਾਸ਼ਾ-ਸ਼ਾਸਤਰ ਅਤੇ ਸਾਹਿਤ ਇਦਾਰੇ ਦੇ ਖੋਜਕਾਰਾਂ ਨੇ ਇਕ ਅਜਿਹਾ ਕੰਪਿਊਟਰ ਤਿਆਰ ਕੀਤਾ ਹੈ ਜੋ ਵੇਖਣ ਅਤੇ ਬੋਲਣ ਦੀਆਂ ਪ੍ਰਣਾਲੀਆਂ ਨਾਲ ਲੈਸ ਹੈ।

ਇਹ ਕੰਪਿਊਟਰ ਛਪੇ ਹੋਏ ਜਾਂ ਟਾਈਪ ਹੋਏ ਪਾਠਾਂ ਨੂੰ ਪੜ੍ਹ ਕੇ ਸੁਣਾ ਸਕਦਾ ਹੈ, ਇਹਦੇ ਪੜ੍ਹਨ ਦੇ ਦੌਰਾਨ ਹੀ ਪਾਠ ਦੀ ਫੋਟੋ ਸਟੇਟਿੰਗ ਵੀ ਹੁੰਦੀ ਜਾਂਦੀ ਹੈ ਜਿਸ ਨਾਲ ਉਸ ਪੁਸਤਕ ਦੀ ਛਪਾਈ ਵੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਸਮੇਂ ਤੇ ਕਿਰਤ ਦੀ ਭਾਰੀ ਬਚਤ ਹੋ ਜਾਂਦੀ ਹੈ। ਹੁਣ ਅਜਿਹੇ ਕੰਪਿਊਟਰ ਤਿਆਰ ਕੀਤੇ ਜਾ ਰਹੇ ਹਨ, ਜੋ ਹੱਥ ਦੇ ਲਿਖੇ ਹੋਏ ਪਾਠਾਂ ਨੂੰ ਪੜ੍ਹ ਸਕਣ ਅਤੇ ਵਧੇਰੇ ਭਾਵਨਾਪੂਰਨ ਢੰਗ ਨਾਲ ਬੋਲ ਸਕਣ।

## ਚੀਨ ਵਿਚ ਦਿਲ ਦੇ ਰੋਗ ਸਭ ਤੋਂ ਵਧ ਜਾਨ ਲੇਵਾ

ਪੀਕਿੰਗ ਚੀਨ ਵਿਚ ਦਿਲ ਦੇ ਰੋਗਾਂ ਅਤੇ ਦਿਲ ਦੇ ਦੌਰਿਆਂ ਕਾਰਨ ਮੌਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸ਼ਿੰਘਾਈ ਮੈਡੀਕਲ ਸਕੂਲ ਵਲੋਂ ਮੌਤ ਦਰ ਬਾਰੇ ਕੀਤੇ ਗਏ ਸਰਵੇ ਦੌਰਾਨ ਪਤਾ ਲਗਾ ਹੈ ਕਿ ੧੯੭੪ ਦੇ ਮੁਕਾਬਲੇ ੧੯੮੩ ਵਿਚ ਦਿਲ ਦੇ ਦੌਰੇ ਕਾਰਨ ੨.੬ ਗੁਣਾ ਵਧ ਮੌਤਾਂ ਹੋਈਆਂ ਜਦੋਂ ਕਿ ਦਿਲ ਦੇ ਰੋਗਾਂ ਕਾਰਨ ੪੨ ਫੀਸਦੀ ਮੌਤਾਂ ਹੋਈਆਂ। ਅਤੇ ਇਹਨਾਂ ਵਿਚ ੯੮ ਫੀਸਦੀ ਲੋਕਾਂ ਦੀ ਉਮਰ ੫੦ ਸਾਲ ਤੋਂ ਵਧ ਅਤੇ ਔਰਤਾਂ ਦੇ ਮੁਕਾਬਲੇ ਵਧੇਰੇ ਮਰਦ ਸਨ।

ਪਬਲਿਕ ਹੈਲਥ ਮੰਤਰਾਲੇ ਅਨੁਸਾਰ ੧੯੮੨ ਦੌਰਾਨ ਸ਼ਹਿਰੀ ਖੇਤਰ ਵਿਚ ਮਰਨ ਵਾਲਿਆਂ ਵਿਚ ੨੧ ਫੀਸਦੀ ਦਿਲ ਦੇ ਰੋਗੀ ਸਨ ਜਦੋਂ ਕਿ ਪਿੰਡਾਂ ਵਿਚ ਇਹ ਗਿਣਤੀ ੨੪ ਫੀਸਦੀ ਸੀ।

## ਅਯੰਗਾਰ ਨੂੰ ਗਿਆਨਪੀਠ ਪੁਰਸਕਾਰ

ਬੰਗਲੌਰ—੯੪ ਸਾਲਾ ਬਜ਼ੁਰਗ ਸਾਹਿਤਕਾਰ ਡਾਕਟਰ ਮਸਤੀ ਵੈਂਕਟੇਸ਼ ਅਯੰਗਰ ਨੂੰ ਕਲ੍ਹ ਇਕ ਸਮਾਰੋਹ ਵਿਚ "ਗਿਆਨ ਪੀਠ ਪੁਰਸਕਾਰ" ਨਾਲ ਸਨਮਾਨਤ ਕੀਤਾ ਗਿਆ। ਇਹ ਪਹਿਲਾ ਮੌਕਾ ਹੈ ਕਿ ਗਿਆਨ ਪੀਠ ਪੁਰਸਕਾਰ ਸਮਾਰੋਹ ਰਾਜਧਾਨੀ ਤੋਂ ਬਾਹਰ ਕੀਤਾ ਗਿਆ ਹੈ। ਡਾਕਟਰ ਅਯੰਗਰ ਨੂੰ ਇਹ ਸਨਮਾਨ ਉਹਨਾਂ ਦੇ ਨਾਵਲ ਚਿਕਵੀਰਾ ਰਾਜਿੰਦਰ ਦੇ ਲਈ ਦਿਤਾ ਗਿਆ ਹੈ। ਕੰਨੜ ਭਾਸ਼ਾ ਨੂੰ ਚੌਥੀ ਵਾਰ ਇਹ ਪੁਰਸਕਾਰ ਮਿਲਣ ਦਾ ਸਿਹਰਾ ਪ੍ਰਾਪਤ ਹੈ। ਪੁਰਸਕਾਰ ਉਪ ਰਾਸ਼ਟਰਪਤੀ ਆਰ. ਵੈਂਕਟਰਾਮਨ ਨੇ ਪ੍ਰਦਾਨ ਕੀਤਾ।

## ਛੇ ਵਿਆਹ ਕਰਾਕੇ ਫਰਾਰ ਹੋ ਗਿਆ

ਫਰੀਦਾਬਾਦ—ਇਥੋਂ ਦੀ ਪੁਲਸ ਇਕ ਅਜਿਹੇ ਕੌਮਾਂਤਰੀ ਠੱਗ ਦੀ ਭਾਲ ਕਰ ਰਹੀ ਹੈ ਜੋ ਹੁਣ ਤਕ ਛੇ ਵਿਆਹ ਕਰ ਚੁਕਾ ਹੈ ਇਹ ਛੇਵੀਂ ਸ਼ਾਦੀ ਉਸ ਨੇ ਫਰੀਦਾਬਾਦ ਵਿਚ ਕੀਤੀ ਅਤੇ ਦਾਜ ਵਿਚ ਮਿਲੇ ੫੦,੦੦੦ ਰੁਪਏ ਲੈ ਕੇ ਸੁਹਾਗ-ਰਾਤ ਮਨਾਉਣ ਮਗਰੋਂ ਚੰਪਤ ਹੋ ਗਿਆ।

ਇਹ ਇੰਕਸ਼ਾਫ ਕਰਦਿਆਂ ਸੈਂਟਰਲ ਪੁਲਸ ਦੇ ਐਸ. ਐਚ. ਓ. ਸ੍ਰੀ ਬਲਦੇਵ ਰਾਜ ਨੇ ਦਸਿਆ ਕਿ ਪ੍ਰਾਣ ਨਾਥ ਕੱਸ਼ਪ ਉਰਫ ਲਾਲਾ ਉਰਫ ਟਰੈਂਕ ਫਿਲਿਪ, ਉਰਫ ਪ੍ਰੇਮ ਉਰਫ ਪ੍ਰਿਥਵੀ ਲਾਲ ਰਾਜ। ਉਰਫ ਪੀ. ਐਨ. ਸੰਨੀ ਆਦਿ ਅਨੇਕ ਨਾਂਅ ਰਖਕੇ ਇਹ ਠੱਗ ਹੁਣ ਤਕ ਛੇ ਸ਼ਾਦੀਆਂ ਕਰ ਚੁਕਾ ਹੈ।

ਪੁਲਸ ਅਨੁਸਾਰ ਸੈਕਟਰ ੧੫ 'ਚ ਰਹਿਣ ਵਾਲੇ ਕੁਲਦੀਪ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਕਰਨ ਲਈ ਅਖਬਾਰ ਵਿਚ ਇਸ਼ਤਿਹਾਰ ਦਿਤਾ। ਇਸ ਠੱਗ ਨੇ ਪੀ. ਐਨ. ਸੰਨੀ ਦੇ ਨਾਅ ਹੇਠ ਦਿਲੀ ਦੀ ਬਾਰਾਂ ਖੰਭਾ ਰੋਡ ਦਾ ਪਤਾ ਦੇ ਕੇ ਚਿੱਠੀ ਪਾ ਦਿਤੀ। ਮਗਰੋਂ ਫਰੀਦਾਬਾਦ ਦੇ ਗੁਰਦੁਆਰੇ ਵਿਚ ਸ਼ਾਦੀ ਹੋਈ, ਪਰ ਇਹ ਠੱਗ ਸੁਹਾਗ-ਰਾਤ ਮਨਾ ਕੇ ਅਤੇ ੫੦ ਹਜ਼ਾਰ ਰੁਪਏ ਲੈਕੇ ਆਗਰਾ ਜਾਣ ਦਾ ਬਹਾਨਾ ਬਣਾ ਕੇ ਨੌਂ ਦੋ ਗਿਆਰਾਂ ਹੋ ਗਿਆ। ਮਗਰੋਂ ਸ਼ੱਕ ਪੈਣ ਉਤੇ ਕੁੜੀ ਨੇ ਪੁਲਸ ਕੋਲ ਰਿਪੋਰਟ ਦਰਜ ਕਰਵਾਈ।

ਪੁਲਿਸ ਨੇ ਦਸਿਆ ਹੈ ਕਿ ਉਹ ਵਿਦੇਸ਼ਾਂ ਵਿਚ ਅਜਿਹੀ ਠੱਗੀ ਕਰ ਚੁਕਾ ਹੈ ਅਤੇ ਅਮਰੀਕਾ ਵਿਚੋਂ ਉਸ ਨੂੰ ਇਸੇ ਕਾਰਨ ਕਢਿਆ ਵੀ ਜਾ ਚੁਕਾ ਹੈ। ×



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 42452



(SINGLE BARREL OR DOUBLE BARREL) 12 Bore Guns

## Once Purchased Ever Purchased

AS
BEST QUALITY OF THE DAY
IS
OUR MOTTO
IN NEED CONTACT US FOR BARGAIN
WITH FULL CONFIDENCE



Sri Satguru Jagjit Singh Ji eLibrary NamdhariElibrary@gmail.com

# ਸੰਗੀਤ ਕਲਾ ਮੰਚ ਜਲੰਧਰ

੭ ਅਪਰੈਲ ੧੯੮੫ ਐਤਵਾਰ ਨੂੰ ਜਲੰਧਰ ਦੇ ਟਰੇਨਿੰਗ ਕਾਲਜ ਦੇ ਹਾਲ ਵਿਚ ਸੰਗੀਤ ਕਲਾ ਮੰਚ ਵਲੋਂ ਆਪਣਾ ਸਤਵਾਂ ਸਾਲਾਨਾ ਸੰਗੀਤ ਸਮਾਰੋਹ "ਮਹਿਫਿਲੇ-ਮੌਸੀਕੀ" ਆਯੋਜਿਤ ਕੀਤਾ ਗਿਆ। ਮੰਚ ਦੇ ਜਨਰਲ ਅਤੇ ਸਰਬੇ ਸਰਵਾ ਡਾਕਟਰ ਜੋਗਿੰਦਰ ਬਾਵਰਾ ਦੇ ਅਣਥਕ ਜਤਨ ਸਦਕਾ ਹਰ ਸਾਲ ਇਹ ਪ੍ਰੋਗਰਾਮ ਹੁੰਦਾ ਹੈ। ਮੰਚ ਦੀ ਪਹਿਲੀ ਫ਼ਾਲਫ਼ਰੰਸ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਸ਼ੀਰਵਾਦ ਨਾਲ ਸ਼ੁਰੂ ਹੋਈ ਸੀ ਅਤੇ ਸ੍ਰੀ ਰਾਜਨ-ਸਾਜਨ ਮਿਸ਼ਰਾ ਦਾ ਗਾਇਣ ਹੋਇਆ ਸੀ।

ਇਸ ਵਾਰ, ਪ੍ਰੋਗਰਾਮ ਦੀ ਸ਼ਮਾ ਰੌਸ਼ਨ ਸ: ਮੋਹਨ ਸਿੰਘ ਢੱਡਾ (ਜਲੌਟੋ ਇੰਡਸਟਰੀਜ਼) ਨੇ ਕੀਤੀ ਅਤੇ ਪ੍ਰਧਾਨਗੀ ਜਲੰਧਰ ਦੇ ਡਿਪਟੀ ਕਮਿਸ਼ਨਰ ਸ੍ਰੀ ਭਟਨਾਗਰ ਨੇ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਛੋਟੇ ਬਚਿਆਂ ਜਗਦੀਸ਼ ਕਿਰਨ (ਤਬਲਾ) ਅਤੇ ਰਜਨੀਸ਼ ਕਿਰਨ (ਹਾਰਮੋਨੀਅਮ) ਦੇ ਇਕ ਪ੍ਰੋਗਰਾਮ ਨਾਲ ਹੋਈ।

ਪੰਜਾਬ ਦੇ ਪ੍ਰਸਿਧ ਸ਼ਾਸਤਰੀ ਗਾਇਕ ਪੰਡਿਤ ਮਨੋਹਰ ਲਾਲ ਜੀ ਨੇ ਆਪਣੇ ਸੁਰੀਲੇ ਕੰਠ ਦੁਆਰਾ ਰਾਗ ਦੇਸੀ ਟੋਡੀ ਵਿਚ ਵਿਲੰਬਤ ਦਰੁਤ ਲੈਆਂ ਵਿਚ ਖਿਆਲ ਗਾਇਨ ਅਤੇ ਇਕ ਭਜਨ (ਕਬੀਰ) ਬਾਅਦ ਤਰਾਨਾ ਗਾ ਕੇ ਸਿਕਾ ਜਮਾ ਦਿਤਾ। ਇਹਨਾਂ ਨਾਲ ਤਬਲੇ ਦੀ ਸੰਗਤ ਇਹਨਾਂ ਦੇ ਹੀ ਵੀਰ ਪੰਡਿਤ ਰਾਮ ਚੰਦ ਜੀ ਨੇ ਕੀਤੀ। ਸ਼ਿਮਲੇ ਤੋਂ ਆਏ ਸ੍ਰੀ ਭੀਮ ਸੈਨ ਜੀ ਨੇ ਲਲਿਤ ਵਿਚ ਵਿਲੰਬਤ ਅਤੇ ਦਰੁਤ ਖਿਆਲ ਪੇਸ਼ ਕੀਤੇ ਅਤੇ ਤਬਲੇ ਤੇ ਪੰਜਾਬ ਦੇ ਉਸਤਾਦ ਕਲਾਕਾਰ ਸ੍ਰੀ ਜਗਜੀਤ ਸਿੰਘ ਸੀਨ ਨੇ ਸਾਥ ਦਿਤਾ।

ਗ਼ਜ਼ਲਾਂ ਦੇ ਪ੍ਰੋਗਰਾਮ ਵਿਚ ਸ: ਰਾਜਬੀਰ ਸਿੰਘ, ਜੋਗਿੰਦਰ ਬਾਵਰਾ ਅਤੇ ਸੁਧੀਰ ਕੌਸ਼ਲ ਨੇ ਸਮਾਂ ਬੰਨ੍ਹਿਆ, ਸ੍ਰੀ ਕਾਲੇ ਰਾਮ ਦਾ ਤਬਲਾ ਆਪਣਾ ਹੀ ਜਾਦੂ ਬਖੇਰ ਰਿਹਾ ਸੀ।

ਸਭਾ ਪਤੀ ਡੀ. ਸੀ. ਸਾਹਿਬ ਨੇ ਕਲਾਕਾਰਾਂ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਇਸ ਨੂੰ ਬਹੁਤ ਉੱਚ ਪਾਏ ਦਾ ਦਸਿਆ। ਇਸ ਤਰ੍ਹਾਂ ੭ ਅਪਰੈਲ ਦਾ ਦਿਨ ਬਹੁਤ ਸੰਗੀਤ ਮਈ ਰਿਹਾ।


੧੯ ਫ਼ੋਨ : 2737

## ਖੁਸ਼ਖਬਰੀ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਣਾਂ ਦੀ ਵਧੀਆ ਬਲਾਕ ਬੋਰਿੰਗ, ਕਰੈਂਕ ਗ੍ਰਾਈਂਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ।

ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸ਼ਰਾਂ, ਜੇਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ।



ਬੋਰਿੰਗ ਮਸ਼ੀਨ

★ ਬੋਰਿੰਗ, ਗ੍ਰਾਈਂਡਿੰਗ ਆਦਿ ਦਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ।

★ ਮਰਸਡੀਜ਼ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ।

★ ਕੁਸ਼ਲ ਮਕੈਨਿਕ ਅਤੇ ਚੰਗ ਪਰਬੰਧ ਮੁਕੰਮਲ ਹੈ।

★ ਸਾਡੇ ਪਾਸ ਆਪਣਾ ਜੈਨਰੇਟਰ ਸੈਟ ਵੀ ਹੈ। ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਢਿਲ ਨਹੀਂ ਆਉਂਦੀ।

ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ

ਪ੍ਰੋ: ਲਛਮਣ ਸਿੰਘ ਨਾਮਧਾਰੀ

10, ਇੰਡਸਟ੍ਰੀਅਲ ਏਰੀਆ, ਫਗਵਾੜਾ।




Sri Satguru Jagjit Singh Ji eLibrary NamdhariElibrary@gmail.com

## ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਵਿਚ ਕਵੀ-ਦਰਬਾਰ ਤੇ ਗੋਸ਼ਟੀ

ਲੁਧਿਆਣਾ—ਰਾਮਗੜ੍ਹੀਆ ਗਰਲਜ਼ ਕਾਲਿਜ, ਮਿੱਲਰ ਗੰਜ ਦੇ ਮੰਚ ਤੇ ਸੁਰਗਵਾਸੀ ਪੰਜਾਬੀ ਕਵੀ ਸ: ਸੂਬਾ ਸਿੰਘ ਦੀ ਯਾਦ ਵਿਚ ਦੂਜਾ ਕਵੀ-ਦਰਬਾਰ ੧੦ ਮਾਰਚ ਸਵੇਰੇ ੧੧ ਵਜੇ ਆਯੋਜਿਤ ਕੀਤਾ ਗਿਆ। ਇਸ ਕਵੀ ਦਰਬਾਰ ਤੋਂ ਪਹਿਲਾਂ 'ਪੰਜਾਬੀ ਕਵਿਤਾ ਦਾ ਚਿਹਰਾ ਮੁਹਰਾ' ਵਿਸ਼ੇ ਤੇ ਡਾ: ਸਾਧੂ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬੀ ਕਵਿਤਾ ਨੇ ਹਮੇਸ਼ਾ ਹੀ ਸੱਚ ਦਾ ਪੱਲਾ ਫੜ ਕੇ ਹੀ ਪੈਰ ਪੁੱਟੇ ਹਨ ਅਤੇ ਇਹ ਰੀਤ ਅੱਜ ਦੇ ਸ਼ਾਇਰ ਵੀ ਨਿਭਾ ਰਹੇ ਹਨ।

ਇਸ ਕਵੀ ਦਰਬਾਰ ਵਿਚ ਸਰਵ ਸ੍ਰੀ ਅਜਾਇਬ ਚਿਤਰਕਾਰ, ਸੁਰਜੀਤ ਪਾਤਰ, ਸੁਰਿੰਦਰ ਗਿੱਲ, ਅਜੀਤ ਕੁਮਾਰ, ਗੁਰਭਜਨ ਗਿੱਲ, ਲਖਵਿੰਦਰ ਜੌਹਲ, ਸੁਖਮਿੰਦਰ ਰਾਮਪੁਰੀ, ਸ਼ਮਸ਼ੇਰ ਸਿੰਘ ਸੰਧੂ, ਗਿਆਨ ਸਿੰਘ ਸੰਧੂ ਪੀ.ਸੀ.ਐਸ., ਕਸ਼ਮੀਰ ਕਾਦਰ, ਸਰਜੀਤ ਸੋਹਲ, ਅਵਿਨਾਸ਼ ਭਾਖੜੀ, ਮਿਸਜ਼ ਸੁਸ਼ੀਲ ਸੂਦ, ਸੁਰਜੀਤ ਮਰਜਾਰਾ, ਬਚਨਜੀਤ, ਵਰਿਆਮ ਸੰਧੂ, ਤਾਰਾ ਆਲਮ, ਲਾਲ ਫਰੀਦਕੋਟੀ, ਸਵਰਨਜੀਤ, ਅਮਰਜੀਤ ਕੌਂਕੇ ਤੇ ਰਣਜੋਧ ਸਿੰਘ ਸ਼ਾਦ ਨੇ ਹਿੱਸਾ ਲਿਆ।

ਇਸ ਕਵੀ-ਦਰਬਾਰ ਵਿਚ ਪੇਸ਼ ਸ਼ਾਇਰਾਂ ਦੇ ਕਲਾਮ ਦੀ ਪ੍ਰਧਾਨ ਸੁਰ ਪੰਜਾਬ ਦੀ ਵਰਤਮਾਨ ਤਣਾਓ-ਪੂਰਨ ਸਥਿਤੀ ਦਾ ਭਰਪੂਰ ਵਰਣਨ ਸੀ। ਸੁਰਜੀਤ ਪਾਤਰ ਦੇ ਬੋਲ:

ਲੱਗੀ ਨਜ਼ਰ ਪੰਜਾਬ ਨੂੰ, ਇਹਦੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ, ਇਹਦੇ ਸਿਰ ਤੋਂ ਵਾਰੋ।

ਤੋਂ ਲੈ ਕੇ ਵਰਿਆਮ ਸੰਧੂ ਦੇ ਬੋਲ:

ਮੈਂ ਸਿਤਾਰਾ ਜੜਾਂ ਤਾਂ ਜੜਾਂ ਕਿਸ ਥਾਂ
ਪਾਟਾ ਸਾਰੇ ਦਾ ਸਾਰਾ ਅੰਬਰ ਹੈ।

ਤੀਕ ਪੇਸ਼ ਹਰ ਕਵਿਤਾ, ਗ਼ਜ਼ਲ ਤੇ ਗੀਤ ਵਿਚ ਬਲ ਰਹੇ ਪੰਜਾਬ ਦਾ ਭਰਪੂਰ ਵੇਰਵਾ ਹਾਜ਼ਰ ਸੀ। ਸੁਰਜੀਤ ਪਾਤਰ, ਸੁਰਿੰਦਰ ਗਿੱਲ, ਸੁਰਜੀਤ ਮਰਜਾਰਾ, ਕਸ਼ਮੀਰ ਕਾਦਰ, ਸੁਖਮਿੰਦਰ ਰਾਮਪੁਰੀ, ਬਚਨਜੀਤ ਅਤੇ ਸ੍ਰੀ ਸੁਸ਼ੀਲ ਸੂਦ ਨੇ ਤਰੰਨੁਮ ਵਿਚ ਆਪਣਾ ਕਲਾਮ ਪੇਸ਼ ਕਰਕੇ ਵਾਹਵਾ ਖੱਟੀ।

ਇਸ ਕਵੀ ਦਰਬਾਰ ਮਗਰੋਂ ਇਕ ਵਿਸ਼ੇਸ਼ ਸਮਾਗਮ ਵਿਚ ਪੰਜਾਬੀ ਦੇ ਸਿਰਮੌਰ ਕਵੀ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਉਨ੍ਹਾਂ ਦੀਆਂ ਮਹਾਨ ਅਦਬੀ-ਸੇਵਾਵਾਂ ਬਦਲੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗਿਆਨੀ ਭਗਤ ਸਿੰਘ ਜੀ ਨੇ ਸਨਮਾਨ ਪੱਤਰ ਤੇ ਦੋਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ। ਕਾਲਿਜ ਦੀ ਪ੍ਰਿੰਸੀਪਲ ਸ੍ਰੀਮਤੀ ਹਰਮੀਤ ਕੌਰ ਨੇ ਪ੍ਰਿੰਸੀਪਲ ਸੇਖੋਂ ਦੇ ਸਾਹਿਤਿਕ ਸਫ਼ਰ ਅਤੇ ਜੀਵਨ ਬਾਰੇ ਸਰੋਤਿਆਂ ਨੂੰ ਦੱਸਿਆ। ਇਸ ਤੋਂ ਬਾਅਦ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਹੁਰਾਂ ਨੇ ਨੌਜਵਾਨ ਪੰਜਾਬੀ ਸਾਹਿਤ ਗੁਰਭਜਨ ਗਿੱਲ ਦਾ ਗ਼ਜ਼ਲ-ਸੰਗ੍ਰਹਿ 'ਹਰ ਧੁਖਦਾ ਪਿੰਡ ਮੇਰਾ ਹੈ' ਰਿਲੀਜ਼ ਕੀਤਾ। ਉਨ੍ਹਾਂ ਨੇ ਇਸ ਕਾਵਿ-ਸੰਗ੍ਰਹਿ ਦੀ ਇਕ ਕਾਪੀ ਗਿਆਨੀ ਭਗਤ ਸਿੰਘ ਅਤੇ ਦੂਜੀ ਕਾਪੀ ਕਾਲਿਜ ਦੀ ਪ੍ਰਿੰਸੀਪਲ ਸ੍ਰੀਮਤੀ ਹਰਮੀਤ ਕੌਰ ਨੂੰ ਭੇਂਟ ਕੀਤੀ। ਆਕਾਸ਼ਵਾਣੀ ਜਲੰਧਰ ਨੇ ਇਸ ਕਵੀ-ਦਰਬਾਰ ਨੂੰ ਆਪਣੇ ਸਰੋਤਿਆਂ ਲਈ ਰੀਕਾਰਡ ਕੀਤਾ।

## ਪਾਠਕਾਂ ਲਈ ਸੂਚਨਾ

—ਜੇ ਵਰਿਆਮ ਦਾ ਪਰਚਾ ਆਪ ਨੂੰ ਮਹੀਨੇ ਦੀ ਦਸ ਤਾਰੀਖ ਤਕ ਵੀ ਨਾ ਪੁੱਜੇ ਤਾਂ ਸਾਨੂੰ ਪੱਤਰ ਲਿਖੋ। ਅਸੀਂ ਹੋਰ ਪਰਚਾ ਭੇਜਣ ਦਾ ਪਰਬੰਧ ਕਰਾਂਗੇ। ਪਰ ਦੋ ਮਹੀਨੇ ਬੀਤ ਜਾਣ ਬਾਅਦ ਅਜਿਹੀ ਸ਼ਕਾਇਤ ਕਰਨੀ ਲਾਹੇਵੰਦ ਨਹੀਂ ਹੁੰਦੀ।

—ਚਿੱਠੀ ਪੱਤਰ ਕਰਨ ਲੱਗਿਆਂ ਆਪਣਾ ਪਤਾ ਠੀਕ ਅਤੇ ਪੜ੍ਹਨ ਯੋਗ ਲਿਖਿਆ ਜਾਵੇ। ਉਸ ਨਾਲ ਸਾਡੇ ਵਾਸਤੇ ਉੱਤਰ ਦੇਣਾ ਆਸਾਨ ਰਹੇਗਾ।

—ਵਰਿਆਮ ਵਾਸਤੇ ਆਪਣੇ ਚੰਦੇ ਦੀ ਰਕਮ ਤੁਸੀਂ ਆਪ ਫ਼ਿਕਰ ਨਾਲ ਸਾਲ ਦੇ ਸਾਲ ਜਮਾਂ ਕਰ ਦਿਆ ਕਰੋ। ਜੇ ਚੰਦਾ ਦੇਣ ਵਿਚ ਔਖ ਹੈ ਤਾਂ ਪੰਜ ਸਾਲ ਦਾ ਇਕਠਾ ਭੇਜ ਦਿਓ ਜਾਂ ਜੀਵਨ ਮੈਂਬਰੀ ਦਾ ਇਕੱਠਾ ਚੰਦਾ ਜਮਾਂ ਕਰਵਾ ਕੇ ਨਿਸ਼ਚਿੰਤ ਹੋ ਜਾਵੋ।

—ਵਰਿਆਮ ਵਾਸਤੇ ਆਪਣੀਆਂ ਫਰਮਾਂ ਦੇ ਇਸ਼ਤਿਹਾਰ ਜ਼ਰੂਰ ਦਿਓ। ਇਹ ਇਸ਼ਤਿਹਾਰ ਪੂਰੇ ਸਫ਼ੇ ਦੇ ਵੀ ਹੋ ਸਕਦੇ ਹਨ ਅਤੇ ਤੁਹਾਡੀ ਸਹੂਲਤ ਅਨੁਸਾਰ ਥੋੜ੍ਹੇ ਥਾਂ ਵਾਸਤੇ ਵੀ।

—ਵਰਿਆਮ ਵਿਚ ਛਪਦੀ ਸਾਮਗਰੀ ਬਾਰੇ ਆਪਣੀ ਰਾਇ ਜ਼ਰੂਰ ਭੇਜੋ। ਇਸ ਦੇ ਨੁਕਸਾਂ ਬਾਰੇ ਸਾਨੂੰ ਜਾਣੂ ਕਰਵਾਓ ਅਤੇ ਆਪਣੇ ਕੀਮਤੀ ਸੁਝਾਅ ਜ਼ਰੂਰ ਭੇਜੋ। ਸਾਨੂੰ ਲਿਖੋ ਕਿ ਕਿਹੜੀਆਂ ਲਿਖਤਾਂ ਤੁਹਾਨੂੰ ਪਸੰਦ ਆਈਆਂ ਹਨ।



Sri Satguru Jagjit Singh Ji eLibrary NamdhariElibrary@gmail.com

ਨਾਨਕ ਸੁਖੁ ਪਾਇਆ ਹਰਿ ਕੀਰਤਨਿ
ਮਿਟਿਓ ਸਗਲ ਕਲੇਸਾ

— ਗੁਰੂ ਅਰਜਨ ਦੇਵ

ਫੋਨ : ੭੨੮੬੬
੭੪੭੩੦

## ਨਾਮਧਾਰੀ ਟੈਂਟ ਹਾਊਸ

## ਹਮੀਦੀਆ ਰੋਡ

## ਭੋਪਾਲ (ਮ: ਪ੍ਰ:)

## ਟਰੱਕਾਂ ਦੀਆਂ ਬਾਡੀਆਂ

ਹਰ ਪ੍ਰਕਾਰ ਦੇ ਟਰਕਾਂ ਦੀਆਂ ਅਤਿ ਮਜ਼ਬੂਤ ਪਏਦਾਰ ਅਤੇ ਬਹੁਤ ਖੂਬਸੂਰਤ ਬਾਡੀਆਂ ਬਨਾਉਣ ਦੇ ਮਾਹਿਰ

## ਪਰਤਾਪ ਬਾਡੀ ਬਿਲਡਰਜ਼

## 51—ਗੁਲਾਬੀ ਬਾਗ

## ਦਿਲੀ—110007

ਮਾਲਕ : ਸੰਤ ਸਾਧਾ ਸਿੰਘ ਮੁਹਾਰਾਂ ਵਾਲੇ

ਫੋਨ ਨੰ: 519808



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

## MODERN GUN WORKS

Opp. Industrial Estate,

JAMMU CANTT.

With best compliments from :-

## *NAMDHARI BROTHERS*

Prop. S AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE P. S. G. ELECTRIC MOTORS, ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਨਵੇਕਲੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 258411
,, : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

Registered No. NW/JL—253 MONTHLY WARIAM May 1985
Registered with the registrar of News Papers for India No. 26453/75


# Poonam Biscuits Private Ltd.

**Manufacturers**

**of**

**Quality Biscuits**

Office & Factory :

**E-23 M. I. D. C. Area**

**Chikalthana, Aurangabad-431210**

( Maharashtra )

Phone : 8626

Our Associates :

## Harbhajan Sarbjeet & Associates

ENGINEERS & CONTRACTORS

**H.O. : 72 Hazratganj Lucknow-226001**

**Phone : 52746**


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com